ਤੀਸਰੀ ਪੋਥੀ

ੴ ਸਤਿਗੁਰਪ੍ਰਸਾਦਿ ॥

ਸ਼ਬਦਾਰਥ

ਸ੍ਰੀ

ਦਸਮ ਗ੍ਰੰਥ ਸਾਹਿਬ ਜੀ

ਜੋ

ਸ੍ਰੀ ਹਜ਼ੂਰ ਮਹਾਰਾਜਾ ਸਾਹਿਬ ਜੀ ਫਰੀਦ ਕੋਟ ਜੀ ਦੀ
ਅਤਿਜੰਤ ਉਦਾਰਤਾ ਨਾਲ ਇਹ ਪੋਥੀ ਪ੍ਰਕਾਸ਼ਤ ਹੋਈ ਹੈ

THIS BOOK BELONGS
TO THE LIBRARY OF
Dr. Trilochan Singh
Anurag Singh

ਸੇਵਾਦਾਰ

ਟੀਕਾ ਕਾਰ ਬਿਸ਼ਨ ਸਿੰਘ ਗਿਆਨੀ
ਖਾਲਸਾ ਕਾਲਜ ਅੰਮ੍ਰਿਤਸਰ

(ਕੋ: ਟਾ:)ਸੁੰਦਰ ਪ੍ਰਿੰਟਿੰਗ ਪ੍ਰੈਸ ਬਾਜ਼ਾਰ ਮਾਈਸੇਵਾਂ ਅੰਮ੍ਰਿਤਸਰ ਵਿਚ ਛਪਯਾ

Sri Satguru Jagjit Singh Ji eLibrary NamdhariElibrary@gmail.com

ਸ਼ਬਦਾਰਥ

ਤੀਜੀ ਪੋਥੀ

ਸ੍ਰੀ ਦਸਮ ਗ੍ਰੰਥ ਸਾਹਿਬ ਜੀ

ਟੀਕਾ ਟਿਪਣੀ ਸਹਿਤ

THIS BOOK BELONGS
TO THE LIBRARY OF
Dr. Trilochan Singh
Jaswant Singh

ਜਿਸ ਵਿਚ

ਸ੍ਰੀ ਕ੍ਰਿਸ਼ਨਾਵਤਾਰ, ਨਰ, ਬੋਧ, ਕਲਗੀ ਅਵਤਾਰ, ਬ੍ਰਹਮ,
ਰੁਦ੍ਰ, ਪਾਰਸ ਨਾਥ, ਸ਼ਬਦ ਹਜ਼ਾਰੇ, ਅੰਮ੍ਰਿਤ ਦੇ ਤੋਤੀ ਸਵੱਯੇ,
ਖਾਲਸੇ ਦੀ ਮਹਿਮਾ ਦੇ ਸਵੱਯੇ, ਸ਼ਸਤ੍ਰ ਨਾਮ ਮਾਲਾ

ਇਹ ਬੀੜ ਉਸ ਬੀੜ ਨਾਲ ਸੋਧੀ ਹੋਈ ਹੈ ਜੋ ਬਾਬਾ
ਦੀਪ ਸਿੰਘ ਜੀ ਸ਼ਹੀਦ ਨੇ ਦਮਦਮੇ ਸਾਹਿਬ ਬੈਠਕੇ ਲਿਖੀ ਸੀ

ਇਹ

ਸ਼ਬਦਾਰਥ ਸੰਪ੍ਰਦਾਈ ਗਿਆਨੀ ਬਖਸ਼ੀਸ਼ ਸਿੰਘ ਜੀ ਨੇ
ਅਮ੍ਰਿਤਸਰ ਖਿਓ ਮੰਡੀ ਦੇ ਦਰਵਾਜ਼ੇ ਸੰ: ਬਿ: ੧੯੬੧-੬੨
ਨੂੰ ਵੀਹਾਂ ਪੰਥੀਆਂ ਵਿਦਵਾਨਾਂ ਦੀ ਸਭਾ ਵਿਚ ਪੜ੍ਹਾਏ ਹੋਏ ਹਨ

ਪਰਮ ਸਹਾਇਕ

ਸ. ਨਰੈਣ ਸਿੰਘ ਵਾਈਸ ਪ੍ਰਿੰਸੀਪਲ ਖਾਲਸਾ ਕਾਲਜ
ਤੇ ਪ੍ਰਧਾਨ ਚੀਫ ਖਾਲਸਾ ਦੀਵਾਨ, ਸ: ਸਾਹਿਬ ਸ:
ਝੰਡਾ ਸਿੰਘ ਐਡਵੋਕੇਟ ਚੀਫ ਕੋਰਟ ਲਾਹੌਰ,
ਪ੍ਰੋ: ਤੇਜਾ ਸਿੰਘ, ਸ: ਬ:ਸ: ਸੰਤੋਖ ਸਿੰਘ ਰਈਸ ਸ਼ਾਹਕੋਟ
ਜਾਲੰਧਰ, ਰਾਜਾ ਸ਼ਿਵਦਿਆਲ ਸਿੰਘ ਪਟਿਆਲਾ,
ਸ: ਬ: ਸ: ਇੰਦਰ ਸਿੰਘ ਚੀਫ ਸੈਕ੍ਰੇਟਰੀ ਫਰੀਦਕੋਟ

ਸੇਵਾਦਾਰ–

ਗਿਆਨੀ ਬਿਸ਼ਨ ਸਿੰਘ ਖਾਲਸਾ ਕਾਲਜ ਅਮ੍ਰਿਤਸਰ

੧ ਵੈਸਾਖ ੧੯੯੮ } ਮੋਖ ੩੦) ਸੰਪੂਰਨ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ { ੧੩ ਅਪ੍ਰੈਲ ੧੯੪੧

Sri Satguru Jagjit Singh Ji eLibrary NamdhariElibrary@gmail.com

'ਵਜ਼ੀਰ ਹਿੰਦ ਪ੍ਰੈਸ' ਹਾਲ ਬਾਜ਼ਾਰ ਅੰਮ੍ਰਿਤਸਰ ਵਿਚ ਸਰਦਾਰ ਭੂਪਿੰਦਰ ਸਿੰਘ ਬੀ. ਏ. ਐਲਐਲ. ਬੀ. ਪ੍ਰਿੰਟਰ ਦੇ ਯਤਨ ਨਾਲ ਛਪਿਆ ਤੇ ਗਿਆਨੀ ਬਿਸ਼ਨ ਸਿੰਘ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ ।

Sri Satguru Jagjit Singh Ji eLibrary NamdhariElibrary@gmail.com

ਕ੍ਰਿਸ਼ਨਾ ਅਵਤਾਰ ਤੇ ਸ਼ਾਮ ਕਵੀ

ਇਸ ਤੀਸਰੀ ਪੋਥੀ ਦੇ ਸ੍ਰੀ ਕ੍ਰਿਸ਼ਨਾ ਅਵਤਾਰ ਵਿਚ ਬਹੁਤਾ ਸ਼ਾਮ*ਕਵੀ ਦਾ ਤੇ ਕਿਸੇ ੨ ਸਵੱਯੇ ਵਿਚ ਰਾਮ ਕਵੀਦਾ ਨਾਮ ਵੀ ਆਇਆ ਹੈ। ਇਹ ਦੋਵੇਂ ਕਵੀ ਸ੍ਰੀ ਹਜ਼ੂਰ ਕਲਗੀਧਰ ਦੇ ਦਰ-ਬਾਰੀ ੫੨ ਕਵੀਆਂ ਵਿੱਚੋਂ ਸਨ। ਇਹ ਕ੍ਰਿਸ਼ਨਾ ਵਤਾਰ ਇਹਨਾਂ ਕਵੀਆਂ ਦੀ ਰਚਨਾ ਹੈ। ਇਕ ਅੱਗਯਾਤ ਇਤਹਾਸਕਾਰ ਨੇ ਸ਼ਾਮ, ਰਾਮ ਇਹ ਦੋਵੇਂ ਨਾਮ ਸ੍ਰੀ ਹਜ਼ੂਰ ਦੇ ਲਿਖੇ ਹਨ। ਇਸ ਵਿਚ ਕੁਛ ਗੁਰੂ ਜੀ ਦੀ ਵਡਿਆਈ ਨਹੀਂ ਹੈ ਕਿ ਉਹ ਬਹੁਤ ਚੰਗੀ ਕਵਿਤਾ ਲਿਖ ਸਕਦੇ ਸੀ। ਗੁਰੂ ਜੀ ਦੀ ਵਡਿਆਈ ਇਸ ਵਿਚ ਹੈ ਕਿ ਉਹ ਮਹਾਨ ਸੂਰਬੀਰ ਧਰਮ ਰੱਛਕ, ਇਕ ਨੂੰ ਸਵਾ ਲੱਖ ਨਾਲ ਲੜਾਉਣ ਵਾਲੇ ਅਰ ਚਿੜੀਆਂ ਨੂੰ ਬਾਜਾਂ ਨਾਲ ਲੜਨ ਦੀ ਸਮਰੱਥਾ ਬਖਸ਼ਣ ਵਾਲੇ ਸਨ। ਜੇ ਅਸੀਂ ਇਸ ਗੱਲ ਨੂੰ ਮੰਨੀਏਂ ਕਿ ਸ੍ਰੀ ਮਾਤਾ ਨਾਨਕੀ ਜੀ ਪੋਤਰੇ ਦਾ ਨਾਮ ਸ਼ਾਮ ਰਾਮ ਸੱਦਦੇ ਸੀ ਤਾਂ ਇਹ ਵੀ ਇਕ ਘੜੀ ਹੋਈ ਕਥਾ ਹੈ, ਇਸ ਦਾ ਕੁਛ ਅਰਥ ਨਹੀਂ ਹੈ। ਕ੍ਰਿਸ਼ਨਾ ਵਤਾਰ ਵਿਚ ਸ਼ਿੰਗਾਰ ਰਸ ਦੀਆਂ ਬਹੁਤ ਖੁੱਲੀਆਂ ਕਥਾਂ ਹਨ। ਇਹ ਸ੍ਰੀ ਹਜ਼ੂਰ ਦੇ ਮੁਖਾਰਬਿੰਦ ਤੋਂ ਉਚਾਰੀਆਂ ਨਹੀਂ ਮੰਨੀਆਂ ਜਾਂਦੀਆਂ। ਗੁਜਰੀਆਂ ਦੇ ਕਪੜਿਆਂ ਦੀ ਕਥਾ, ਸ਼ਰਾਬ ਦਾ ਵਰਤਣਾ, ਵੇਸਵਾ ਦੇ ਨਾਚ, ਹੋਰ ਜੋ ਸ੍ਰੀ ਕ੍ਰਿਸ਼ਨ ਮਹਾਰਾਜ ਨੇ ਮਹਾਨ ਸੂਰਬੀਰਤਾ ਵਿਖਾਈ ਹੈ ਅਰ ਸਾਧ ਸੰਗਤ ਦੇ ਪੈਰ ਧੋਤੇ ਹਨ, ਇਹ ਪ੍ਰਸੰਗ ਹੋ ਸਕਦਾ ਹੈ ਸ੍ਰੀ ਹਜ਼ੂਰ ਦੇ ਮੁਖਾਰਬਿੰਦ ਤੋਂ ਉਚਾਰੇ ਹੋਣ। ਸ਼ਾਮ ਕਵੀ ਦੇ ਪ੍ਰਸੰਗਾਂ ਨੂੰ ਪੜ੍ਹਕੇ ਸ੍ਰੀ ਹਜ਼ੂਰ ਅਖੀਰ ਨੂੰ ਆਪਣੇ ਕੁਛ ਛੰਦ ਵੀ ਲਿਖਦੇ ਸੀ, ਜਿਵੇਂ (ਦਸਮ ਕਥਾ ਭਗੌਤ ਦੀ ਭਾਖਾ ਕਰੀ ਬਨਾਇ॥ ਔਰ ਬਾਸਨਾ ਨਾਹਿ ਪ੍ਰਭੁ ਧਰਮ ਜੁੱਧ ਕੇ ਚਾਇ) ਹੋਰ "ਛੱਤ੍ਰੀ ਕੋ ਪ੍ਰਤ, ਧੰਨ ਜੀਉ ਆਦਿਕ ਸਵੱਯੇ, ਸੋ ਗੁਣੀ ਜਨ ਇਸ ਪੋਥੀ ਨੂੰ ਪੜ੍ਹਕੇ ਮਹਾਨ ਸਿਖਿਆ ਪ੍ਰਾਪਤ ਕਰਨ, ਮੈਂ ਆਪਣੀ ਮਿਹਨਤ ਦਾ ਏਹੋ ਫਲ ਮੰਗਦਾ ਹਾਂ। ਗਿਆਨੀ ਬਿਸ਼ਨ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ

---

*ਦੇਖੋ ਮਹਾਨਕੋਸ਼ ਜਿਲਦ ਚੌਥੀ ਸਫਾ ੨੫੩੦।

Sri Satguru Jagjit Singh Ji eLibrary NamdhariElibrary@gmail.com

ਕ੍ਰਿਸ਼ਨਾ ਵਤਾਰ ਦੇ ਵਿਚ ਜਿਥੇ ੨ ਔਖੇ ਪਦ ਆਏ ਹਨ ਓਹਨਾਂ ਦੇ ਨਾਲ ਨਾਲ ਹੀ ਅਰਥ ਕਰ ਦਿਤੇ ਹਨ ਬਾਕੀ ਇਹ ਔਖੇ ਪਦਾਂ ਦੇ ਛੰਦਾਂ ਦੇ ਨੰਬਰਾਂ ਅਨੁਸਾਰ ਅਰਥ ਵੀ ਪੋਥੀ ਤੋਂ ਪਹਿਲੇ ਰੱਖ ਦਿਤੇ ਹਨ ਗੁਣੀ ਜਨ ਔਖੇ ਪਦਾਂ ਨੂੰ ਏਥੋਂ ਵੇਖ ਲੈਣ।

੧. ਬਪ=ਸਰੀਰ । ਤੀਰ=ਪਾਸ। ੨. ਛੀਰਨਿਧ=ਸਮੁੰਦਰ।

੪. ਦਸਮ=ਭਾਗਵਤ ਦੇ ਦਸਵੇਂ ਸਕੰਧ ਵਿਚ ਆਖੇ ਹਨ। ੧੧ ਸੌ ਬਾਨਵੇ ਛੰਦ ਅਨੰਦਪੁਰ ਅਤੇ ੧੩੦੦ ਸੌ ਜਮਨਾ ਦੇ ਕਿਨਾਰੇ ਪਾਂਵਟੇ ਸਾਹਿਬ। ਜੋੜ ੨੪੯੨ ਪੂਰਾ। ੫. ਸਗਨੰ=ਚੰਗੇ ਗੁਣ ਸਗਨ ਆਦਕ। ਗੁਣ=ਵਿਚਾਰ ਵਿਚਾਰਕੇ। ਅਗਨੰ=ਮਾੜੇ ਗੁਣ ਸਗਨ ਆਦਕ। ਤੁਲਹਾ=ਕੱਖਾਂ ਦਾ ਤੁਲਹਾ।

੭. ਸੰਕਟ=ਦੁਖਾਂ ਦੇ ਨਾਸ । ਤਰਨ=ਜਹਾਜ । ਆਹਮ=ਔਖਾ। ਪਤਿਤ=ਪਾਪੀ। ਹਾਲ=ਛੇਤੀ। ੮. ਅੱਦ੍ਰਸੁਤਾ=ਪਹਾੜਦੀ ਧੀ ਪਾਰਬਤੀ। ਤਨਯਾ=ਧੀ। ੯. ਬ੍ਰਤ ਧਾਰੀ=ਪ੍ਰਮੇਸਰ ਸਭ ਦਾ ਕਰਤਾ।

੧੦. ਤਨੀਆਂ=ਜੋਰ ਕਰਕੇ। ਹਨੀਆਂ=ਮਾਰਿਆ।

੧੧. ਬਾਰਨਿ=ਜਲ ਨਾਲ। ਬਾਰ=ਬੂਹਾ। ਪਖਾਰੀ=ਧੋਤਾ।

੧੨. ਇਸ ਉਪਮਾ ਨੂੰ ਇਕਰ ਜਾਣਿਆ ਹੈ ਕਿ ਸਾਰੇ ਆਦਮੀ ਗਾਈਆਂ ਦੇ ਚੋਣੇ ਵਾਂਗ ਹਨ ਜੋਹੜਾ ਚੋਣਾ ਗਵਾਚ ਗਿਆ ਹੈ ਉਸ ਵੱਗ ਨੂੰ ਮਾਨੋ ਦੇਵਤਿਆਂ ਨੇ ਮੋੜ ਕੇ ਲੈ ਆਂਦਾ ਹੈ। ੧੪. ਕੋਟ=ਕਰੋੜ=ਵਾਰੀ ਮੱਥਾ ਟੇਕਿਆ ਦੇਵਤਿਆਂ ਨੇ ਸੁਧਾਮੀਐ=ਘਰ ਵਾਲੀਆਂ ਇਸਤ੍ਰੀਆਂ ਆਪਣੀਆਂ ਸਮੇਤ ਆਪ ਰੂਪ ਧਾਰ ਲਏ। ੧੬. ਉਗ੍ਰਸੈਨ ਦੀ ਧੀ ਨੇ ਸੋਮਵਾਰ ਮਾਂ ਦੇ ਪੇਟ ਤੋਂ ਜਨਮ ਲਿਆ ਹੈ। ੧੭. ਆਪਣਿਆ ਅਦਮੀਆਂ ਨੂੰ ਵਰ ਲੱਭਣ ਵਾਸਤੇ ਆਗਿਆ ਕੀਤੀ। ੧੮. ਤਤ=ਅਸਲ ਵਸਤ ਪ੍ਰਮੇਸਰ ਦੀ ਪ੍ਰਾਪਤ ਜਾਨਣ ਵਾਲਾ ਹੈ। ੧੯. ਘਰਨੀਸ=ਰਾਜਾ। ਇਹ ਸੋਭਾ ਵੀਹਾਂ ਤੀਹਾਂ ਲੋਕਾਂ ਵਿਚ ਵਿੰਨ ਗਈ ਹੈ ਭਾਵ ਸਾਰੇ ਵਡਿਆਈ ਹੁੰਦੀ ਹੈ ਬਸਦੇਵ ਭਗਤ ਬਹੁਤ ਹੀ ਚੰਗਾ ਹੈ। ੨੩. ਅਗਮਨੇ=ਆਗਤ ਭਾਗਤ ਭਾਵ ਆਦਰ ਵਾਸਤੇ।

੨੪. ਧੁਜਨੀ ਪੰਤਿ=ਸੈਨਾਪਤੀ। ਪ੍ਰਤਿਨਾਪਤਿ=ਸੈਨਾਪਤੀ ਕਿਸ ਤਰਾਂ ਦੇ ਰੰਗ ਵਾਲੇ ਹਨ। ਕੁੰਕਮ=ਕੇਸਰ ਮਾਨੋ ਅਨੰਦ ਰੂਪ ਹੋਕੇ ਨਿਕਲਿਆ ਹੈ, ਭਾਵ ਅਨੰਦ ਹੀ ਕੇਸਰ ਦਾ ਰੂਪ ਧਾਰ ਕੇ ਮਨ ਤੋਂ ਨਿਕਸਿਆ ਹੈ।

੨੮. ਉਗ੍ਰਸੈਨ ਨੇ ਆਦਰ ਵਾਸਤੇ ਛਾਤੀ ਨਾਲ ਹਥ ਲਾਇਆ। ਉਗ੍ਰਸੈਨ ਬੱਦਲ ਦਾ ਰੂਪ ਧਾਰਕੇ ਸੋਨੇ ਦਾ ਮੀਂਹ ਵਰ੍ਹਾ ਗਿਆ ਹੈ ਕੋਈ ਆਦਮੀ ਮੁੜਕੇ ਮੰਗਤਾ ਨਹੀਂ ਹੋਇਆ ਹੈ। ੩੩. ਹਥਾਂ ਵਿਚ ਦੇ ਹਜਾਰ ਫੁਲਝੜੀਆਂ ਚਲਦੀਆਂ ਹਨ ਅਤੇ ਹੋਰ ਊਭੁਚ=ਆਤਸ਼ਬਾਜੀ ਦੇ ਬੁਰਜਾਂ ਦੇ ਬੁਰਜ ਪਜੋਧਰ=ਪਾਣੀ ਨੂੰ ਧਰਨ ਵਾਲੇ ਬੱਦਲ ਅਕਾਸ਼ ਵਿਚ ਫਿਰਦੇ ਹਨ। ਨਾਗਜ ਦੇ ਕਿਲੇ ਦੇਵਤਿਆਂ ਵਲੋਂ ਘਲੇ ਗਏ ਹਨ।

Sri Satguru Jagjit Singh Ji eLibrary NamdhariElibrary@gmail.com

੩੪. ਅਗੂ=ਅਗੇ ਲਾਕੇ ਬਸਦੇਵ ਨੂੰ। ਲੇਹਿਸ=ਲਾਗ। ਭਾਵ ਪੰਡਤ ਨੇ ਲਾਗ ਗਾਗਰ ਵਿਚ ਪਾ ਦਿੱਤਾ ਜੇਹੜੀ ਇਸਤ੍ਰੀ ਅਗੋਂ ਪਾਣੀ ਦੀ ਗਾਗਰ ਲੈਕੇ ਆਈ ਸੀ। ਝਾਟਨ=ਇਸਤ੍ਰੀ ਦੇ ਸਿਰ ਦਾ ਲੀੜਾ ਫੜਕੇ ਉਸਦੀ ਝੋਲੀ ਵਿਚ ਲੱਡੂ ਪਾ ਦਿਤੇ। ਉਹ ਲੱਡੂ ਸਾਰੀਆਂ ਔਰਤਾਂ ਉਸਤੋਂ ਖੋਹਕੇ ਖਾ ਗਈਆਂ।

੩੫. ਖਾਰੇ=ਲਾਲਾਂ ਦੇ ਖਾਰੇ ਰੱਖੇ ਹਨ ਵਰ ਕੰਨਿਆ ਦੇ ਬੈਠਣ ਨੂੰ ਇਸਤਰਾਂ ਸੱਤ ਫੇਰੇ ਲਏ ਹਨ ਜੋ ਹਿੰਦੂ ਮੱਤ ਅਨੁਸਾਰ ਸੁਭਾਵਕ ਹੀ ਸਾਰਿਆਂ ਨੂੰ ਭਾਂਦੇ ਹਨ ਹਿੰਦੂਆਂ ਵਿਚ ਸੱਤ ਫੇਰੇ ਹਨ। ੩੭. ਗਜ=ਹਾਥੀ। ਮਹਾਵਤ=ਦਸ ਹਜਾਰ, ਹਾਥੀਆਂ ਨਾਲੋਂ ਤਿੰਨ ਗੁਣਾਂ ਵੱਧ ਰਥ ਦਿਤੇ। ਭਟੰ=ਇਕ ਲੱਖ ਸੂਰਮੇਂ ਦਿਤੇ। ਦਸ ਲਖ ਊਠ ਘੋੜੇ। ਊਠ ਅਨੇਕਾਂ ਰਾਖੀ ਵਾਸਤੇ। ਰਥ ਹਿੱਕਣ ਵਾਸਤੇ ਕੰਸ ਨਾਲ ਗਿਆ। ੪੩. ਬਿਕਰਾਜੋ=ਜਗਤ ਵਿਚ ਬੁਰਾ ਨਾਮ ਕਰਾ ਲਿਆ। ਆਨ=ਰੀਤੀ। ੪੮. ਅਸਟ=ਅੱਠਾਂ ਲੀਕਾਂ ਦਾ ਭਾਵ ਇਹ ਹੈ ਕਿ ਅਠਵਾਂ ਪੁਤ੍ਰ ਹੀ ਜਰੂਰ ਤੈਨੂੰ ਮਾਰੇਗਾ ਸੋ ਜਿਸਤਰ੍ਹਾਂ ਅੱਠੇ ਲੀਕਾਂ ਇਕ ਸਾਰ ਹਨ ਇਸਤਰਾਂ ਹੀ ਪਤਾ ਨਹੀਂ ਤੈਨੂੰ ਕੇਹੜਾ ਲੜਕਾ ਮਾਰੇਗਾ। ੪੯. ਪਹਿਲੇ ਕੰਸ ਨੇ ਬਖਸ਼ ਦਿੱਤਾ, ਫੇਰ ਨਾਰਦ ਦੇ ਚੁਗਲੀ ਕਰਨ ਨਾਲ ਨੌਕਰਾਂ ਨੇ ਪੱਥਰ ਉਤੇ ਘਨ=ਵਦਾਨ ਭਾਵ ਹਥੌੜੇ ਵਾਂਗੂੰ ਮਾਰਕੇ ਉਸਦੀ ਜਾਨ ਦੇਹ ਤੋਂ ਕੱਢ ਦਿਤੀ।

੫੧. ਜੈ=ਲੜਕੇ ਦਾ ਨਾਮ ਹੈ। ਖੁੰਜੇ=ਟੋਇ ਜਾਂ ਕਿਸੇ ਨੁਕਰੇ। ਕੁੰਜਾਂ ਜਿਸਤਰਾਂ ਰੋਂਦੀਆਂ ਜਾਂਦੀਆਂ ਹਨ। ੫੨. ਬੜਵਾ=ਅੱਗ। ਜਗਤ=ਜਗਦੀਆਂ ਹਨ। ਹੇ ਪ੍ਰਮੇਸਰ ਮੈਂ ਦਾਸੀ ਮੌਤ ਦੀ ਫਾਹੀ ਵਿਚ ਪਈ ਹੋਈ ਹਾਂ। ਪਰਾਤ=ਛਾ ਗਈ ਹੈ ਉਦਾਸੀ, ਨ ਪਤੀ ਦੀ ਕੋਈ ਗਤੀ ਹੈ ਨ ਮੇਰੇ ਸਰੀਰ ਦੀ ਹੀ ਕੋਈ ਚੰਗੀ ਹਾਲਤ ਹੈ। ਪੁਤਾਂ ਦੀ ਦੇਹ ਨਾਸ ਹੋਣ ਨਾਲ ਸਾਰੇ ਜਗਤ ਵਿਚ ਹਾਸੀ ਹੁੰਦੀ ਹੈ। ਗਾਸੀ=ਤੀਰ। ਰੋਹਨੀ=ਬਾਸਦੇਵ ਦੀ ਦੂਸਰੀ ਇਸਤ੍ਰੀ ਦਾ ਨਾਮ ਰੋਹਣੀ ਹੈ। ਵੱਡੇ ਸੱਪ ਨੇ ਨਵਾਂ ਰੂਪ ਧਾਰਿਆ ਹੈ।

੫੬. ਦੇਵਕੀ ਤੇ ਬਸਦੇਵ ਦੋ ਸੰਤ ਹਨ ਜੋ ਬਿਸਨ ਕਿਸਨ ਜੋ ਸਾਰਿਆਂ ਦੇ ਮਾਲਕ ਦਾ ਜਸ ਕਰਦੇ ਹਨ। ਕ੍ਰਿਸਨ=ਸਾਰੀ ਦੁਨੀਆਂ ਦਾ ਮਾਲਕ ਬਿਸਨ ਦੁਨੀਆਂ ਦੇ ਪਾਪੀਆਂ ਨੂੰ ਤਾਰਨ ਵਾਸਤੇ ਦੇਵਕੀ ਦੇ ਪੇਟ ਅੰਦਰ ਆਇਆ ਹੈ।

੫੭. ਕੰਚ=ਸੰਜੋਅ। ਨੰਦਗ=ਖੜਗ ਭਗਵਾਨ ਦਾ। ਕਰ=ਹਥ। ਸਾਰੰਗ=ਕੌਲ। ਸਾਰੰਗ=ਧਨੁਖ। ੬੩. ਸਉਰਭ=ਬਾਲਕ ਰੂਪ ਹੋਕੇ।

੬੪. ਮਨੈ=ਮਨ ਵਿਚ ਹੀ ਮਨਸ਼ ਦਿਤੀ ਹੈ। ੬੫. ਸਰਖੇ=ਭਰਪੂਰ ਹੋਇ। ਹਰਿ=ਕ੍ਰਿਸਨ ਰੂਪ। ਹਰਿ=ਜਮਨਾ ਨਦੀ ਦਾ ਪਾਣੀ। ਹਰਿ=ਰਾਹ।

੬੯. ਬਾਲ=ਲੜਕੀ ਰੋ ਪਈ ਹੈ। ੭੧. ਪਾਵਕ=ਅੱਗ ਵਰਗੇ ਤੇਜ ਵਾਲੇ ਛੇ ਪੁਤਰ। ਪਾਥਰ=ਪੱਥਰ ਉਤੇ ਪਟਕਾ ਕੇ ਮਾਰੇ ਹਨ। ਦਾਮਨ=ਬਿਜਲੀ ਬਣ ਕੇ ਚਮਕੀ ਅਕਾਸ਼ ਵਿਚ। ੭੨. ਪਾਤ=ਪਾਪ ਨਹੀਂ ਹੈ ਰਾਜ ਜੋ ਰੱਖਣਾ ਹੈ। ਛੰਦ ਬੰਦ=ਵਲ ਛਲ ਕਰਕੇ ਵੰਦ=ਇਸਦੇ ਪਾਸੋਂ ਆਪਣਾ ਆਪ ਛੁਡਾਉਂਦਾ ਜਾਂਦਾ ਹੈ। ਬਾਰਾ=ਲੜਕੀ ਪਾਰੇ ਵਾਂਗ ਉਡ ਗਈ।

Sri Satguru Jagjit Singh Ji eLibrary NamdhariElibrary@gmail.com

੭੭. ਹੁਨੀਆਂ=ਲੋਰੀਆਂ। ਜੀ ਨੂੰ ਬਦਲਾਂ ਦੇ ਦਿਨ ਮਾਨੋ ਪੰਛੀ ਮੁਨੀਆਂ ਦੀਆਂ ਡਾਰਾਂ ਜਾਂਦੀਆਂ ਹਨ। ੮੦. ਬਕੀ=ਪੂਤਨਾ ਇਸਤ੍ਰੀ ਹੈ ਜੋ ਬਕ ਦੈਂਤ ਦੀ ਭੈਣ ਹੈ। ੮੧. ਬਰਮਾ=ਬ੍ਰਹਮਾ ਦੇ ਜਾਇ ਸਾਰੇ ਅਜ ਮਾਰ ਦਿਆਂਗੀ। ੮੨. ਲਪਟੇ=ਲੰਪ। ਅਕਲ ਵਾਲਾ ਸਿਆਣਾ। ਸੱਚ ਮੰਨੋ। ਤਾ ਹਨ=ਉਸ ਨੂੰ ਮਾਰਾਂਗੀ। ੪੮. ਕਾਰਜ=ਸੁਰਮਾ। ਸਿੰਗਰਫ ਦੀ ਬਿੰਦੀ ਮੱਥੇ ਉਤੇ ਹੈ। ਬਾਸ=ਮੂੰਹ ਵਿਚ ਸਾਰੀ ਵਾਸਨਾ ਵੱਸਦੀ ਹੈ।

੮੭. ਲਹੂ ਦੇ ਨਾਲ ਹੀ ਪ੍ਰਾਣ ਖਿਚ ਲਏ ਜੀ ਨੂੰ ਦਗੜੀ ਤਨ ਨੂੰ ਤੂੰਬੀ ਲਾਕੇ, ਚਮੜੀ ਨੂੰ ਤਿਆਗ ਕੇ ਉਸ ਵਿਚੋਂ ਤੇਲ ਸਾਰਾ ਹੀ ਪੀ ਲੈਂਦੀ ਹੈ।

੮੯. ਪੁਖਰਾ=ਛਪੜ ਪੋਖਰ। ਡੰਡ=ਦੋਵੇਂ ਬਾਤਾਂ। ਦੁਕੂਲ ਦੋਵੇਂ ਪਾਸੇ। ਬਾਰ=ਵਾਲ। ਸਿਬਾਲ=ਪਾਣੀ ਦਾ ਜਾਲਾ। ਸੇਪ=ਬੋਦੀ ਸਿਰ ਦੇ ਖਿਲਰੇ ਵਾਲ ਝਾਟਾ ਖਡੂਆ=ਖੱਡੇ। ਬਿਬ=ਦੋ। ਮਲੂਆ=ਗਲੇ ਮਘੋਰੇ। ਨਲੂਆ=ਨਾਲੇ ਵਾਂਗ ਮੂੰਹ ਹੋ ਗਿਆ। ੯੨. ਬਾਸ=ਵਾਸ਼ਨਾ ਹੀ ਵਾਸ਼ਨਾ ਫੈਲ ਗਈ ਵੇਖੀ ਆਕੇ।

੯੪. ਗਰਗ=ਕੁਲ ਦਾ ਪ੍ਰੋਹਤ। ੯੫. ਨਾਮ ਕਰਣ=ਸੰਸਕਾਰ ਭਾਵ ਨਾਮ ਰੱਖ ਦਿਓ। ੯੭. ਪਲੋਟੈ=ਪਰਸੇ ਭਾਵ ਛੁਹਕੇ ਪੈਰਾਂ ਨੂੰ।

੯੯. ਕਟੈ=ਲੱਕ ਨਾਲ ਧੋਤੀ ਬੱਧੀ। ੧੦੦. ਮਾਨਸ=ਮਨ। ਪੰਚ ਭੂ ਆਤਮ=ਬ੍ਰਹਮਾ। ਸਰਜੀ=ਦੁਨੀਆਂ ਬਣੀ ਹੈ। ਦਰਜੀ=ਪ੍ਰੋਹਤ ਨੇ ਹੰਕਾਰ ਮਨ ਤੋਂ ਦੂਰ ਕਰ ਦਿੱਤਾ ਹੈ। ਜੀਕੂੰ ਦਰਜੀ ਕਪੜੇ ਨਾਲ ਸਰੀਰ ਨੂੰ ਢੱਕ ਲੈਂਦਾ ਹੈ। ੧੦੧. ਤਿੰਨ ਵਾਰੀ ਅੰਨ ਤਿਆਰ ਹੋਇਆ ਫਿਰ ਵੀ ਕ੍ਰਿਸਨ ਨੇ ਜੂਠਾ ਹੀ ਕਰ ਦਿੱਤਾ। ੧੦੩. ਜਮੀਨ ਦੁਖੀ ਹੋਕੇ ਦੈਂਤਾਂ ਦੇ ਵੈਰੀ ਨੂੰ ਪਾਲਦੀ ਹੈ। ੧੦੪. ਮੰਮਾ ਚੁੰਘਣਾ ਚਾਹਿਆ। ਪੈਰ ਨਾਲ ਜਮੀਨ ਨੂੰ ਘੁਟ ਕੇ ਦੱਬਿਆ। ਤੇਲ ਘਿਓ ਜੋ ਘਰ ਵਿਚ ਭਾਂਡਿਆਂ ਵਿਚ ਭਰਿਆ ਪਿਆ ਸੀ ਡੁੱਲ੍ਹ ਗਿਆ। ਜਮੀਨ ਨੇ ਤੇਲ ਡੋਲਕੇ ਗਮ ਦੂਰ ਕੀਤਾ ਹੈ। ੧੦੫. ਬਾਰਨ=ਬਾਲਕਾਂ ਭਾਵ ਸਿਆਣਿਆਂ ੨ ਲੋਕਾਂ ਨੇ।

੧੦੯. ਚੱਟਾ=ਦੈਂਤ ਨੇ ਸਰੀਰ ਦੇ ਬਲ ਨੂੰ ਛੰਡਿਆ। ਫੱਟਾ=ਜਖਮੀ ਕੀਤਾ। ਤੁਰਾ=ਛੇਤੀ ਨਾਲ। ਰੁੰਡ=ਧੜ। ਡਾਰ=ਟਾਹਣੀ।

੧੧੩. ਬਿਸਨ ਮਯਾ=ਭਗਵਾਨ ਦੀ ਕ੍ਰਿਪਾ ਜੋ ਜਾਣਿਆਂ ਹੈ।

੧੧੪. ਘੁੰਟੂਆਂ=ਗੋਡਿਆਂ ਨਾਲ। ਲਾਲਨ=ਲਾਲਾਂ ਦੀਆਂ ਤਾਰਾਂ। ਖਾਲ=ਨਿਸਾਨ। ਧੇਨ=ਗਊਆਂ। ਦੁਤ ਰੰਗੀ=ਬਿਜਲੀ। ਤਾਤ=ਪੁਤ੍ਰ। ਤ੍ਰਿਭੰਗੀ=ਕ੍ਰਿਸ਼ਨ ਜੀ। ੧੧੫. ਗਡੀ ਹਰਿ=ਰੇੜਾ, ਗੱਡਾ। ਆਸ੍ਨ=ਵੇਹੜਾ। ਪਯ=ਦੁਧ। ੧੧੮. ਨਗ=ਨੌਂਹ। ੧੨੦. ਪੇਲਤ=ਲੇਟਣੀਆਂ। ਰੇਲਤ=ਧੱਕਣਾ। ਹੁੰਡੂਆ=ਭੇਡੂ। ੧੨੪. ਪਤਨੀ=ਇਸਤ੍ਰੀ। ਪਤਿ=ਰਾਜੇ ਦੀ। ਜਸੋਧਾਂ। ਚੌਰ=ਚੁਰਾਕੇ। ਊਖਲ=ਉਖਲ। ਮਨਹਾ=ਮਨ੍ਹਾ। ਲੰਗਰ=ਭੈੜੀਆਂ ਗਾਲਾਂ। ੧੨੭. ਧੱਪਾ ਮਾਰਦੀ ਹੈ। ੧੨੯. ਮਨਕ=ਮਣ ਭਰ ਮੈਥੋਂ ਆਕੇ ਲੈ ਲਓ। ੧੩੦. ਤੇਰਾ ਮੋਹਨ ਜੀਊਂਦਾ ਰਹੇ। ਕ੍ਰੋਹ=ਗੁੱਸਾ ਨਹੀਂ ਕਰਾਂਗੀਆਂ। ੧੩੩. ਸਿੰਧ=ਸਮੁੰਦ੍ਰ। ਧਰਾ ਧਰ=ਪਰਬਤ। ਰਾਜੇ ਦਾ ਪੁਰਰ=ਸੱਪਾਂਦਾ ਲੋਕ। ਚੱਛਨ=ਅੱਖੀਆਂ ਨਾਲ।

Sri Satguru Jagjit Singh Ji eLibrary NamdhariElibrary@gmail.com

੧੪੬. ਸੱਪਾਂ ਦੇ ਲੋਕ ਤੋਂ ਅੰਮ੍ਰਿਤ ਦੇ ਮਟਕੇ ਇੰਦ੍ਰ ਨੇ ਮੰਤ੍ਰ ਦੇ ਜੋਰ ਨਾਲ ਖਿੱਚ ਲਏ ਹਨ।

੧੪੯. ਬ੍ਰਢਨ=ਬੁਢਿਆਂ ਗੁਆਲਿਆਂ ਨੇ। ਭਾਵਨ=ਉਪੱਦ੍ਰ ਭਾਰੇ।

੧੫੩. ਪਹਾੜ ਦੀ ਧੀ ਪਾਰਬਤੀ ਮਾਨੋ ਜਸੋਧਾ ਹੈ, ਚਿਟਾ ਹਿਮਾਲਾ ਪਹਾੜ ਹੈ ਸੋ ਕ੍ਰਿਸਨ ਦੀ ਮਾਂ ਜਸੋਧਾ ਹੈ ਕ੍ਰਿਸਨ ਨੀਲੀ ਮਣੀ ਹੈ।

੧੫੬. ਮਾਤ=ਪਿਪਲ ਦੇ ਪੱਤੇ ਜਾਂ ਪੀਪੀਆਂ। ਤਾਟਤ=ਤਾੜਨਾ ਘੂਰਨਾ।

੧੫੭. ਦੈਂਤ=ਜੋ ਕੰਸ ਦਾ ਘੱਲਿਆ ਵੱਛਾ ਬਣਕੇ ਆਇਆ ਸੀ। ਇਸ ਨੂੰ ਰੁਖ ਵਾਂਗ ਕ੍ਰਿਸਨ ਨੇ ਵਗਾਹ ਕੇ ਸੁਟਿਆ। ੧੫੮. ਡਹੀ=ਰੁਕ ਗਈ ਹੈ ਖੁਸ਼ੀ ਨਾਲ ਗੱਲ। ਬਹੀ=ਰੁੜ ਗਈ ਭਾਵ ਦੂਰ ਹੋਈ। ੧੫੯. ਮੁਸਲੀ ਧਰ ਦੇ ਭਰਾ ਨੂੰ ਮਾਰਾਂਗਾ। ਹਨਿ=ਛਲ ਨਾਲ ਮਾਰੀਂ ਉਸ ਨੂੰ ਕੰਸ ਨੇ ਬਕ ਦੈਂਤ ਨੂੰ ਆਖਿਆ ਹੈ। ੧੬੦. ਖਾਰੀ=ਖਾਰਾ ਪਾਣੀ ਵੱਛੇ ਨਹੀਂ ਪੀਂਦੇ ਸਨ। ਅਚੈ=ਪੀਣਾ। ਲੀਲ=ਨਿਗਲ ਲਏ। ਬਗਲਾ ਬਣਕੇ। ਜੋਰ ਗੁਜਾਰਨ ਵਾਲੇ ਕ੍ਰਿਸਨ ਇਕ ਬਚ ਗਏ। ੧੬੧. ਜਾਲ=ਸਾੜ ਦਿਤਾ ਦੈਂਤ ਦਾ ਗਲ ਕ੍ਰਿਸਨ ਨੇ। ਮੁਕਤ ਠਾਨਤ=ਛਡ ਦਿਤਾ। ੧੬੨. ਜੀਕੂੰ ਦਿਨ ਦੇ ਚਾਨਣ ਵਿਚ ਦੀਵੇ ਦੀ ਜੋਤ ਰੁਲ ਜਾਂਦੀ ਹੈ ਈਕੂ ਇਸ ਦੀ ਜੋਤ ਰੁਲ ਗਈ।

੧੬੩. ਸਿੰਧ ਸੁਤਾ=ਸਮੁੰਦ੍ਰ ਦੀ ਧੀ, ਲੱਛਮੀ ਦਾ ਪਤੀ ਬਿਸਨ ਭਗਵਾਨ ਭਾਵ ਕ੍ਰਿਸਨ ਸੀ। ਚਵਰਾਜੋ=ਚੌੜਾ ਕੀਤਾ। ਜੀਕੂੰ ਲੰਮੇ ਘਾਹ ਨੂੰ ਮੁੰਡੇ ਚੀਰ ਸੁੱਟਦੇ ਹਨ। ੧੬੬. ਇੰਦ੍ਰ ਦੀ ਇਸਤ੍ਰੀ ਸੁਰਗ ਵਿਚ ਸਰਮਸਾਰ ਹੁੰਦੀ ਹੈ।

੧੬੭. ਮੋਰ ਦਾ ਖੰਭ ਭਾਵ ਮੋਰਮੁਕਟ ਕ੍ਰਿਸਨ ਦੇ ਸਿਰ ਉਤੇ ਰੱਖਿਆ ਹੈ। ਤਨੈ=ਮੂੰਹ। ਜਾਪੀ=ਜਪਦੇ ਹਨ ਜਿਸ ਨੂੰ। ਖੋਸ=ਟੰਗੇ ਹਨ ਫੁਲਾਂ ਦੇ ਗੁੱਛੇ ਸਿਰ ਵਿਚ। ਧਰਨੀ=ਜਿਸ ਨੇ ਧਰਤੀ ਥਾਪ ਰੱਖੀ ਹੈ ਜਾਂ ਸ਼ੇਸ਼ਨਾਗ ਦੇ ਅਵਤਾਰ ਬਲਭਦ੍ਰ ਦਾ ਨਾਮ ਹੈ ਉਹ ਪਾਸ ਖੜੋਤਾ ਹੈ। ੧੬੯. ਪੰਨਗ=ਵੱਡੇ ਸੱਪ ਦਾ ਰੂਪ ਧਰਕੇ। ਬਾਵੈ=ਮੂੰਹ ਨੂੰ ਟੱਡਕੇ ਰੱਖੇ। ਜਾਂ ਇਹ ਦੈਂਤ ਆਪਣਾ ਜੀਅ ਗਵਾ ਆਵੇਗਾ, ਭਾਵ ਮਰ ਜਾਵੇਗਾ। ੧੭੨. ਕ੍ਰਿਸ਼ਨ ਨੂੰ ਵੇਖਕੇ ਸਾਰੇ ਬਾਲ ਦੈਂਤ ਦੇ ਮੂੰਹ ਵਿਚ ਆਪੇ ਹੀ ਵੜ ਗਏ ਹਨ। ਪਰ ਉਸ ਦੈਂਤ ਨੇ ਕ੍ਰਿਸ਼ਨ ਦੇ ਮਾਰਨ ਵਾਸਤੇ ਅਜੇ ਮੂੰਹ ਖੁਲਾ ਰੱਖਿਆ ਸੀ। ਮੂਰ=ਬੂਟੀ ਸੀ ਸਾਰੇ ਜੀਉਣ ਦੀ।

੧੭੩. ਦੈਂਤ ਦੇ ਸਿਰ ਵਿਚੋਂ ਐਨੀ ਮਿੱਝ ਵਗ ਤੁਰੀ ਮਾਨੋ ਸੌਦਾਗਰ ਦਾ ਘਿਓ ਦਾ ਘੜਾ ਟੁਟ ਗਿਆ ਹੈ ਤੇ ਵਿਚੋਂ ਘਿਓ ਡੁੱਲ ਗਿਆ ਹੈ।

੧੭੫. ਕ੍ਰਿਸਨ ਨੇ ਆਪਣੇ ਆਪ ਨੂੰ ਦੈਂਤ ਦੇ ਮੂੰਹ ਥਾਣੀ ਬਾਹਰ ਨਹੀਂ ਕੱਢਿਆ ਹੈ ਭਾਵ ਅੜੀ ਜੋੜਕੇ=ਜਿਦ ਨਾਲ ਸਿਰ ਨੂੰ ਪਾੜ ਕੇ ਸਿਰ ਦੇ ਰਾਹ ਬਾਹਰ ਕੱਢਿਆ ਹੈ। ਮਾਨੋ ਕ੍ਰਿਸ਼ਨ ਜੀ ਲਹੂ ਦਾ ਭਰਿਆ ਹੋਇਆ ਸੰਨਿਆਸੀਆਂ ਦੇ ਮੜ ਉਤੇ ਸੰਨਿਆਸੀ ਰੰਗੇ ਕਪੜੇ ਪਾਕੇ ਖੜੋਤਾ ਹੈ। ਹੋਰ ਇਕ ਦੂਸਰੀ ਉਪਮਾ ਹੈ। ਮਾਨੋ ਮੁੰਡੇ ਇੱਟਾਂ ਢੋਂਦੇ ਹਨ ਤੇ ਮੁੜਕੇ ਮੁੜਕਾ ਹੋਏ ਹਨ, ਕ੍ਰਿਸਨ ਵੀ ਗੜੀ ਦੇ ਸਿਰ ਉਤੇ ਚੜਿਆ ਹੈ। ਗੜੀ=ਸਿਰ ਨੂਪ ਗੜੀ ਹੈ।

੧੭੬. ਪ੍ਰਵਾਰ=ਘੇਰਾ ਪਾਇਆ ਹੈ। ਖੋਸ=ਟੰਗੀ ਹੈ ਜਾਂ ਪਾਣੀ ਉਤੇ ਸੋਟੀਆਂ ਮਾਰਦੇ ਹਨ, ਜਾਂ ਛਿੱਟਾਂ ਪਾਂਦੇ ਹਨ। ਬਾਮ=ਖੱਬੇ ਹਥ ਨਾਲ ਰੋਟੀਆਂ

Sri Satguru Jagjit Singh Ji eLibrary NamdhariElibrary@gmail.com

ਖਾਂਦੇ ਹਨ। ਗਤਿਲੈ=ਚਾਲ ਨਾਲ ਭਾਵ ਹਥ ਨੂੰ ਹਲਾਕੇ ਕ੍ਰਿਸਨ ਦੇ ਮੂੰਹ ਪਾਇਆ ਹੈ ਉਹ ਅੰਨ। ੧੭੭. ਠਗਾਇ=ਠੱਗਾਂ ਦੇ ਮੂੰਹ ਅਪਣੇ ਪਾਂਦਾ ਹੈ। ਨਾਮਕ=ਭਾਵ ਸਰੀਰਾਂ ਦੀ ਖਬਰ ਹੀ ਨ ਰਹੀ। ਕੁਟੀ=ਗੁਫਾ ਵਿਚ ਵੱਛੇ ਤੇ ਮੁੰਡੇ ਲੁਕਾ ਲਏ ਬ੍ਰਹਮਾ ਨੇ। ਕਰੈ=ਹੱਥ ਨਹੀਂ ਲਗੇ। ਕਰਤਾਰੇ=ਡੱਕ ਦਿਤੇ, ਤਾੜਨਾ ਕਰ ਦਿਤੇ ਗੁਫਾ ਵਿਚ। ੧੭੮. ਕ੍ਰਿਸਨ ਨੇ ਨਵੇਂ ਵੱਛੇ ਤੇ ਮੁੰਡੇ ਬਣਾ ਲਏ ਇਸ ਕੌਤਕ ਨੂੰ ਕਿਸੇ ਨੇ ਵੀ ਨਹੀਂ ਪਛਾਣਿਆ ਹੈ। ਏ ਗੱਲ ਮੁੱਕ ਗਈ ਹੈ।

੧੮੦. ਗੋਦ=ਗੋਦੀ ਵਿਚ, ਵਰੀ=ਚੰਗੇ ਜਾਂ ਗਾਂ ਦੌੜੀ। ਬ੍ਰਿਜ ਦੀਆਂ ਇਸਤ੍ਰੀਆਂ ਬਲਿਹਾਰ ਜਾਂਦੀਆਂ ਹਨ। ੧੮੧. ਗੱਛੈ=ਜਾਂਦਾ ਹੈ। ਨੱਛੈ=ਖਬਰ ਨਹੀਂ ਹੈ ਇਹ ਪਸੂ ਬੇ ਸਮਝ ਹਨ ਅਸੀਂ ਮਗਰ ਭੱਜਦੇ ਖਪ ਗਏ ਹਾਂ।

੧੮੩ ਗਾਈਆਂ ਦੇ ਪੁਤ੍ਰ ਵੱਛੇ। ਫਰੇਬ=ਛਲ ਕੀਤਾ ਹੈ [ਮਾਨੋ ਕ੍ਰਿਸ਼ਨ ਨੇ] ਜੋ ਗੁੱਸਾ ਉਹਨਾਂ ਦੇ ਮਨ ਵਿਚ ਹੋਇਆ ਹੈ। ਬਾਰ=ਇਹ ਅੱਗ ਦਾ ਭਾਂਬੜ ਹੈ। ਕ੍ਰਿਸਨ ਨੇ ਸੀਤਲ ਪਾਣੀ ਮੋਹ ਦਾ ਤਰੌਂਕਿਆ ਹੈ।

੧੮੪. ਗਰੂਏ=ਸਹਿਜੇ ੨ ਘਰ ਨੂੰ ਗਏ। ਚੌਂਕ=ਹੈਰਾਨ ਹੋਇਆ ਬਲਭੱਦ੍ਰ ਜਾਂ ਦੇਵ=ਪ੍ਰਮੇਸਰ ਨੇ ਮਮਤਾ ਪਾ ਦਿਤੀ ਹੈ ਜਾਂ ਇਹ ਕ੍ਰਿਸਨ ਦਾ ਚਰਿੱਤ੍ਰ=ਛਲ ਹੈ। ਭਾਵ ਗਾਈਆਂ ਜੋ ਵੱਛਿਆਂ ਨੂੰ ਛੱਡਦੀਆਂ ਨਹੀਂ ਹਨ।

੧੮੫. ਪਾਇਨ=ਪੈਰੀਂ ਪਿਆ ਬ੍ਰਹਮਾ। ਆਨੰਦ ਦੁੰਦਭ=ਬਸਦੇਵ ਦਾ ਨਾਮ ਹੈ ਬਸਦੇਵ ਦਾ ਪੁਤ੍ਰ ਕ੍ਰਿਸਨ। ੧੮੬. ਅਸੀ ਅੰਮ੍ਰਿਤ ਨੂੰ ਛਡਕੇ ਵਿਹੁ ਨਹੀਂ ਪੀਂਦੇ ਹਾਂ ਭਾਵ ਜੋ ਭੁਲ ਕਰਕੇ, ਖਿਮਾ ਮੰਗਦਾ ਹੈ ਅਸੀਂ ਉਸ ਦੇ ਮਗਰ ਨਹੀਂ ਪੈਂਦੇ। ਕ੍ਰਿਸਨ ਦੇ ਆਖਣ ਪਰ ਸਾਰੇ ਵਛੇ ਬ੍ਰਹਮਾ ਨੇ ਲਿਆ ਦਿਤੇ।

੧੮੭. ਕਿਸੇ ਮੁੰਡੇ ਨੇ ਵੀ ਇਹ ਗੱਲ ਨ ਸਮਝੀ ਕਿ ਸਾਨੂੰ ੧ ਸਾਲ ਵਿਛੜਿਆਂ ਨੂੰ ਹੋਇਆ ਹੈ ਏਹੋ ਸਮਝਿਆ ਕਿ ਅਸੀ ਹੁਣੇ ਹੀ ਖਾਂਦੇ ੨ ਗਏ ਹਾਂ ਅਤੇ ਹੁਣੇ ਹੀ ਆ ਗਏ ਹਾਂ ਇਹਨਾਂ ਭਾਵ ਕ੍ਰਿਸ਼ਨ ਜੀ ਨੇ ਸਾਥੋਂ ਬਹੁਤਾ ਖਾ ਲਿਆ ਹੈ ਜੋ ਅਸੀਂ ਵੀ ਹੁਣੇ ਹੀ ਮਿਲਕੇ ਖਾਂਦੇ ਗਏ ਹਾਂ। ੧੯੨. ਸਾਰੇ ਮਸ਼ਹੂਰੀ ਹੋ ਗਈ ਹੈ। ਕ੍ਰਿਸਨ ਨੇ ਆਖਿਆ ਅਸੀਂ ਹੁਣ ਮਨ ਨੂੰ ਭਾਂਦੀਆਂ ਖੇਡਾਂ ਖੇਡਾਂਗੇ।

੧੯੩. ਸਰਮਾ=ਕੰਮੀਆਂ ਬਰੇਤਨ=ਰੇਤੇ ਵਿਚ। ੧੯੪. ਸਰ=ਤਾਲ ਵਡੇ ਭਾਰੇ ਅਥਾਹ ਪਾਣੀ ਵਾਲੇ। ਜਮੀਨ ਮਾਨੋਂ ਖੁਸੀ ਹੋਈ ਹੈ ਜਿਸ ਉਤੇ ਬੜੇ ਰੁਖ ਉਗੇ ਹਨ ਇਹ ਮਾਨੋ ਉਸ ਦੇ ਰੋਮ ਖੜੇ ਹੋਏ ਹਨ ਜੀਕੂੰ ਖੁਸ਼ੀ ਨਾਲ ਆਦਮੀ ਦੇ ਤਨ ਦੇ ਵਾਲ ਖੜੇ ਹੁੰਦੇ ਹਨ। ੧੯੫. ਤਰੈਤੁਰ=ਹੇਠਾਂ। ਐਂਡਾ=ਅਕੜਾਕੇ ਜਾਂ ਵਿੰਗਾ ਕਰਕੇ। ਖੱਗ=ਆਮ ਜਨੌਰ ਸਾਰੇ ਹਰਿ ਜੱਛ=ਸ਼ੇਰ (ਆਦਕ ਡਰੌਣੇ ਸਾਰੇ ਜਨੌਰ) ਘਰਨਾ=ਬਨ ਦਾ ਝੋਟਾ ਜੋ ਸਾਰਿਆਂ ਜਨੌਰਾਂ ਨਾਲੋਂ ਜੋਰਾਵਰ ਹੁੰਦਾ ਹੈ। ਜੈਡਾ=ਜੜ ਜਨੌਰ ਭਾਵ ਮੂਰਖ ਦੀ। ਪੈਂਡਾ=ਰਸਤਾ ਭਾਵ ਰਾਗੀਆਂ ਨੂੰ ਰਾਹ ਦੱਸਣ ਵਾਲੀ ਉਸਤਾਦ ਹੈ।

੧੯੬. ਆਨਨ=ਮੂੰਹ। ਕ੍ਰਿਸਨ ਦਾ ਮੂੰਹ ਵੇਖਕੇ ਜਮੀਨ ਬੜੀ ਲੋਭ ਵਾਲੀ ਹੋਕੇ ਖੁਸ਼ੀ ਹੋਈ ਹੈ ਭਾਵ ਸਾਰੇ ਚੰਗੇ ੨ ਫਲ ਫੁਲ ਹਨ, ਇਹ ਉਸਨੇ ਵੱਡੀ ਰਾਣੀ ਬਣਨ ਵਾਸਤੇ ਚੰਗੇ ਕਪੜੇ ਪਾ ਲਏ ਹਨ ਜੋ ਕ੍ਰਿਸ਼ਨ ਦੀ ਪਟਰਾਣੀ ਬਣਾ। ਪ੍ਰਤਮਾ=ਤਸਵੀਰ। ਭਾਨੀ=ਭਾਉਂਦੀ ਹੈ ਭਾਵ ਚੰਗੀ ਲੱਗਦੀ ਹੈ।

Sri Satguru Jagjit Singh Ji eLibrary NamdhariElibrary@gmail.com

੧੯੭. ਕਰੂਆ=ਨਿੱਕੀਆਂ ੨ ਕਰੂੰਮਲੀਆਂ । ਮਧੁ ਰੇਦ=ਅੰਮ੍ਰਿਤ ਦਾ ਸਰੋਵਰ । ਦਾਖਾਂ ਦੇ ਗੁੱਛੇ ਸਭਨਾਂ ਪਾਸਿਆਂ ਵੱਲ ਹਨ । ਰੱਛੈ=ਰੱਖਿਆ ਕਰੋ। ਭੱਛੇ=ਖਾਓ ਰੋਜ ਸਵੇਰੇ ਉਠਕੇ। ੧੯੮. ਫੀਕੇ=ਫਿੱਕੇ ਨਹੀਂ ਮਿੱਠੇ ਹਨ। ਨਭੈ=ਅਸਮਾਨ ਦੇ ਫਿਰਨ ਵਾਲਿਆਂ ਦੇਵਤਿਆਂ ਦਾ ਦੁਖ ਦੂਰ ਹੋ ਜਾਵੇਗਾ।

੧੯੯. ਸਰ=ਵੱਡੇ ਤਾਲ ਦੇ ਕਿਨਾਰੇ ਉਤੇ। ਸਰੀਰ ਦੇ ਜੋਰ ਨਾਲ ਰੁੱਖ ਤੋਂ। ਫਰ=ਫਲ। ਧਰ=ਧਰਤੀ ਤੇ ਸੁੱਟੇ। ਦੈਂਤ ਨੇ ਦੋਵੇਂ ਪੈਰ ਹਿੱਕ ਵਿਚ ਮਾਰੇ। ਗੋਡਿਆਂ ਤੋਂ ਫੜਕੇ ਕੁੱਤੇ ਵਾਂਗ ਸੁੱਟਿਆ। ੨੦੦. ਧੁਜਨੀ=ਸਾਰੀ ਫੌਜ ਦੈਂਤ ਦੀ । ਚਤਰੰਗ=ਚਾਰ ਤਰਾਂ ਦੀ ਫੌਜ ਜੋ ਗਉਆਂ ਦੀ ਸ਼ਕਲ ਵਿਚ ਚਾਰੇ ਪਾਸੇ ਵਗਾਹ ੨ ਕੇ ਸੁੱਟੀ। ਖਲ=ਤੂੜੀ। ੨੦੧. ਦੌੜੇ ਜਾਂਦੇ ਗੋਪਾਂ ਦੇ ਮੂੰਹ ਜੋ ਧੂੜ ਨਾਲ ਭਰੇ ਹਨ ਇਹ ਮਾਨੋ ਗੋਪ ਘੋੜੇ ਹਨ ਇਹਨਾਂ ਦੇ ਪੈਰਾਂ ਦੀ ਧੂੜ ਨੇ ਸੂਰਜ ਨੂੰ ਛਪਾ ਲਿਆ ਹੈ। ੨੦੨. ਚੁਟੀਆ=ਬੋਦੀ ਭਾਵ ਬੋਦਾ ਭਾਵ ਤੂੰ ਬਹੁਤਾ ਜ੍ਞਾਨ ਬਣ ਜਾਵੇ। ੨੦੩. ਕ੍ਰਿਸ਼ਨ ਰੋਟੀ ਖਾਕੇ ਮੰਜੇ ਉਤੇ ਸੁੱਤਾ ਤਾਂ ਮਾਂ ਬਾਤਾਂ ਪਾਣ ਲੱਗੀ। ਤਰਨੋ=ਸੂਰਜ ਬੰਸ ਦਾ ਰਾਜਾ ਦਸਰਥ ਰਾਤ ਦੇ ਸਮੇਂ ਰਸਤੇ ਪਿਆ। ਉਸਨੇ ਸ਼ਿਕਾਰ ਜਾਂਦਿਆਂ ਇਕ ਤਾਲ ਲਜੋ=ਵੇਖਿਆ। ਰਾਜਾ ਸੋਚਨ ਲੱਗਾ ਜੇਹੜਾ ਕੋਈ ਜਨੌਰ ਏਥੇ ਪਾਣੀ ਪੀਣ ਆਵੇਗਾ ਮੈਂ ਉਸਨੂੰ ਮਾਰਾਂਗਾ। ਫੇਰ ਜਦ ਰਾਤ ਪਈ ਤਾਂ ਪਾਣੀ ਲੈਣ ਨੂੰ ਸਰਵਣ ਆਇਆ ਉਸਦੇ ਪਾਣੀ ਭਰਨ ਦੀ ਅਵਾਜ ਕੰਨਾਂ ਵਿਚ ਭੈ=ਡਰੌਣੀ ਜਹੀ ਪਈ। ਰਾਜੇ ਨੇ ਸੁਣਕੇ ਤੀਰ ਮਾਰਿਆ ਸਰਵਨ ਨੇ ਹਾਇ ਆਖਿਆ। ਰਾਜੇ ਨੇ ਹੇ ਰਾਮ ਦੀ ਬਾਣੀ ਇਹ ਫੇਰ ਸੁਣੀ। ਦੌੜਕੇ ਆਇਆ, ਤੇ ਸਰਵਨ ਨੇ ਆਖਿਆ ਤੂੰ ਮੇਰੇ ਮਾਤਾ ਪਿਤਾ ਪਾਸ ਜਾਹ। ਹਰਿ=ਪਾਣੀ ਲੈਕੇ ਰਾਜਾ ਗਿਆ । ਫੇਰ ਸ੍ਰਾਪ ਲੈਕੇ ਘਰ ਗਿਆ ਤੇ ਵੱਡੀ ਰਾਣੀ ਨੂੰ ਮਿਲਿਆ।

੨੦੪. ਰਵਿ=ਸੂਰਜ ਦਿਨ ਦੀ ਦੁਪੈਹਰ ਵਾਲਾ। ਕਾਹੀ=ਕਾਲੀ ਨਾਗ। ਹਰਿ=ਸੱਪ ਜਾਂ ਕ੍ਰਿਸਨ। ੨੦੮. ਕਦੰ ਮਹਿ=ਕਦੰਬ ਦਾ ਰੁੱਖ। ਸਤ=੭ ਮਨੁਖਾਂ ਜਿੱਡਾ ਉਚਾ। ੨੦੯. ਠੋਕਤ=ਗੱਲ੍ਹਾਂ ਨੂੰ ਚਪੇੜਾਂ ਮਾਰੀਆਂ ਤੇ ਵਾਲ ਪੁੱਟਦੀਆਂ। ਡਾਟੇ=ਤਾੜਦਾ ਹੈ ਘੂਰਦਾ ਹੈ ਭਾਵ ਮਨੋ ਕਰਦਾ ਹੈ ਕਿ ਤੁਸੀਂ ਕੋਈ ਫਿਕਰ ਨ ਕਰੋ । ੨੧੦. ਪੰਨਗ=ਵੱਡਾ ਸੱਪ । ਧਨਪਾਤ੍=ਸ਼ਾਹੂਕਾਰ। ਧਮੀਆਂ=ਖੱਲ, ਧੌਕਣੀ ਜੀਕੂੰ ਬੋਲਦੀ ਹੈ। ਹਰਿ=ਪਾਣੀ ਵਿੱਚੋਂ। ਸੁਰ=ਅਵਾਜਾ । ਤਾਤੇ=ਸਿਰ ਵਿਚੋਂ ਜਾਂ ਤੱਤਾ । ਸਰ=ਤਾਲ ਦੇ ਕੰਢੇ। ਸਰ ਤੀਰ=ਤਾਲ ਦੇ ਕੰਢੇ ਉਤੇ ਕੱਢਕੇ ਰੱਖਿਆ।

੨੧੫. ਅੰਜਲ=ਹੱਥ ਜੋੜਕੇ। ਸਾਡਾ ਦੋਸ਼ ਕੀ ਹੈ ਜੋ ਸਾਡੇ ਵਿਚ ਤੁਸਾਂ ਜ਼ਹਿਰ ਪਾ ਦਿਤੀ ਹੈ ਤਾਂ ਹੀ ਅਸਾਂ ਪਾਣੀ ਵਿਚ ਜ਼ਹਰ ਘੋਲੀ ਹੈ ਜੇ ਸਾਡੇ ਵਿਚ ਅੰਮ੍ਰਿਤ ਤੁਸੀਂ ਪਾਂਦੇ ਤਾਂ ਅਸੀਂ ਪਾਣੀ ਵਿਚ ਅੰਮ੍ਰਿਤ ਘੋਲ ਦੇਂਦੇ।

੨੧੬. ਅਰਿ=ਸੱਪ ਦੇ ਵੈਰੀ ਗਰੜ ਦਾ ਡਰ ਮੰਨਕੇ । ਸਾਰੀਆਂ ਸੱਪਣੀਆਂ ਨੇ ਆਖਿਆ ਹੈ। ੨੧੭. ਨਾਮ=ਗਰੜ ਪਾਸ ਮੇਰਾ ਨਾਮ ਲੈ ਦੇਣਾ ਤੁਹਾਨੂੰ ਤੁਰਿਆਂ ਜਾਂਦਿਆਂ ਨੂੰ ਕੁਛ ਨਹੀਂ ਆਖੇਗਾ। ਵੱਡਾ ਸੱਪ ਥੱਕਕੇ ਰੇਤੇ ਵਿਚ ਜਾ ਲੰਮਾਂ ਪਿਆ।

Sri Satguru Jagjit Singh Ji eLibrary NamdhariElibrary@gmail.com

੨੧੮. ਪੰਨਗ=ਸੱਪ। ਬਾਰੂ=ਰੇਤ। ਜਾਗਾ=ਰਾਤ ਦਾ ਜਾਗਣਾ।

੨੧੯. ਕ੍ਰਿਸਨ ਦੇ ਪੈਰੀਂ ਲੱਗਕੇ ਫੇਰ ਜਾਗ ਪਿਆ। ਜੇਹੜੀ ਤੁਸੀਂ ਮੈਨੂੰ ਰਤਾ ਜਿਨੀ ਜ਼ਮੀਨ ਦਿਤੀ ਹੈ ਉਹ ਹੀ ਮੈਨੂੰ ਚੰਗੀ ਹੈ। ਤੇਰੇ ਉਤੇ ਮੇਰੇ ਪੈਰ ਦਾ ਨਿਸ਼ਾਨ ਵੇਖਕੇ ਗਰੜ ਕੁਛ ਨਹੀਂ ਆਖੇਗਾ। ਓਹ ਤਾਂ ਮੇਰੇ ਪ੍ਰੇਮ ਦਾ ਪ੍ਰੇਮੀ ਹੈ।

੨੨੦. ਗਰੜ ਧ੍ਵਜ=ਵਿਸ਼ਨ ਦਾ ਰੂਪ ਕ੍ਰਿਸਨ। ਸ੍ਰਿੰਗ=ਸਿੰਙ ਜੋ ਗਊਆਂ, ਹਰਿ ਸੋਨੇ ਦੇ ਸਿੰਙਾਂ ਵਾਲੀਆਂ ਸੀ। ੨੨੧. ਮਨੀ=ਮਣੀਆਂ ਮੋਤੀ। ਨਗ ਨਾਗ=ਵੱਡੇ ਛੋਟੇ ਨਗਾਂ ਦਾ ਨਾਮ ਹੀ ਹੈ। ਤੀਛਨ=ਤੇਜ ਚਾਲ ਵਾਲੇ। ਬਿਰਜੇ=ਫੀਰੋਜੇ। ਪੁਹਕਰ=ਨੀਲੇ ਮੋਤੀ। ਜਰਬਾਫ=ਵਧੀਆ ਕਪੜਾ। ਜੋਰੇ=ਕਠੇ ਕਰਕੇ ਜਾਂ ਜੋੜਕੇ। ਪਾਨਨ=ਹਥ। ਬੋਰੇ=ਬੁਕ। ਰੋਕਨ=ਰੋਕ ਜਾ ਨਿਰੋਲ। ਕੰਦਨ=ਸੋਨਾ। ੨੨੨. ਦ੍ਰਿਗ=ਅੱਖਾਂ ਮੀਚ ਲਓ ਇਹ ਗੱਲ ਕ੍ਰਿਪਾ ਦੇ ਸਮੁੰਦਰ ਨੇ ਆਖੀ ਇਤਨੇ ਵਿਚ ਹੀ ਦੁਖ ਨਸ਼ਟ ਹੋ ਗਏ।

੨੨੩. ਪਾਨ=ਪੀ ਗਿਆ। ਹਰਦੌ=ਦਾਵਾ ਅੱਗ ਨੂੰ। ਹਨ=ਨਾਸ ਕੀਤਾ ਡਰ। ਖਊ=ਨਾਸ ਜਾਂ ਖੌਫ। ਰਉ=ਪਾਣੀ ਦਾ ਛੱਟਾ ਦੇ ਦਿਤਾ ਹੈ।

੨੨੪. ਸਾਵਰਾ=ਕ੍ਰਿਸ਼ਨ। ਗਾਵਰਾ=ਪਿੰਡ। ਦੁਖ ਕਰ=ਔਖਾ ਕੰਮ। ਨਾਵਰਾ=ਨਾਮ ਭਾਵ ਜਸ। ਬਾਵਰਾ=ਖੜੂਰੂਪੀਆ। ੨੨੬. ਮਿਕ=ਤੁਸੀਂ ਸਾਰੇ ਮੁੰਡੇ ਮਿਕ ਕੇ ਦੇ ਦੇ ਆਓ। ਧਨਠੀ=ਮੁਖੀਆ।

੨੨੭. ਕੇਸਵ=ਕ੍ਰਿਸਨ ਤੇ ਰਾਮ=ਬਲਭੱਦ੍ਰ ਮੁਖੀਏ ਬਣੇ। ਦੈਂਤ ਕ੍ਰਿਸਨ ਦੇ ਨਾਲ ਮਿਲ ਕੇ ਖੇਲਣ ਲਗਾ। ਜਦੋਂ ਬਲਭੱਦ੍ਰ ਕ੍ਰਿਸਨ ਉਤੇ ਨ ਚੜ੍ਹਿਆ ਤਾਂ ਦੈਂਤ ਨੇ ਆਖਿਆ ਤੂੰ ਮੇਰੇ ਉਤੇ ਚੜ। ਮੁਕੀਆਂ ਨਾਲ ਮਾਰਿਆ।

੨੩੩. ਮੁਨਦੇਵ=ਇਕ ਤਾਰਾ ਜੋ ਅਗਸਤ ਦੇ ਨਾਮ ਵਾਲਾ ਹੈ ਕਨੀਰੇ=ਰੁਖ ਹੈ। ਜੀਕੂੰ ਅਧਮੋਇਆ ਸਪ ਵਲ ਖਾਂਦਾ ਤੇ ਭੌਂਦਾ ਹੈ ਇਕੁਰ ਕਾਮ ਜਰੀਆਂ ਗੋਪੀਆਂ ਘਰ ਤੋਂ ਉਜੜਕੇ ਫਿਰਦੀਆਂ। ੨੩੪. ਗੋਪੀਆਂ ਕਹਿੰਦੀਆਂ ਹਨ ਕਿ ਬੰਸਰੀ ਨੇ ਬੜਾ ਕੋਈ ਪੁੰਨ ਕੀਤਾ ਹੈ। ਜਾਂ ਦੇਵਤਿਆਂ ਤੋਂ ਸਿਖਿਆ ਪ੍ਰਾਪਤ ਕੀਤੀ ਹੈ। ਸਿਤ ਬਾਨਹੁ=ਜਾਂ ਕਾਮ ਤੋਂ ਪੜੀ ਹੈ।

੨੩੬. ਖੰਭ ਖਲਾਰ ਕੇ ਜਨੌਰ ਬਹਿ ਗਏ ਹਨ। ਨਦੀ ਦਾ ਪਾਣੀ ਪੁੱਠਾ ਵਗ ਪਿਆ। ਤਾਰਕ=ਵੈਰਾਗੀ ਜਿਵੇਂ ਲੱਖਾਂ ਰੁਪਿਆਂ ਨੂੰ ਛੱਡ ਤੁਰਦਾ ਹੈ।

੨੩੭. ਆਨਨ=ਮੂੰਹ ਦੀ ਸੋਭਾ ਤੋਂ ਚੰਨ ਹਾਰ ਗਿਆ ਹੈ।

੨੩੮. ਅਧਰਾਮੀਆਂ=ਹੋਠਾਂ ਦਾ ਅੰਮ੍ਰਿਤ। ਭਾਵ ਹੋਠ ਮਿੱਠੇ ਅੰਮਰਤ ਸਮਾਨ ਹਨ। ਪੰਛੀ ਗੱਲਾਂ ਕਰਦੇ ਹਨ ਕਿ ਸਾਡੀ ਮੂਰਤੀ ਭਾਵ ਸ਼ਕਲ ਵੀ ਕ੍ਰਿਸ਼ਨ ਨ ਲੈ ਲਵੇ ਸਾਡੇ ਅੰਗਾਂ ਦੀ ਸੋਭਾ ਤਾਂ ਸਾਰੀ ਲੈ ਹੀ ਲਈ ਹੈ।

੨੩੯. ਤਾਬ=ਤਾਬਿਆ, ਬਰਾਬਰੀ ਗੁਲਾਬ ਦਾ ਫੁਲ ਨਹੀਂ ਲੈ ਸਕਦਾ ਹੈ। ਸਹਾਬ=ਪ੍ਰਕਾਸ ਵਾਲੇ ਫੁਲ ਦੀ ਸੋਭਾ ਵੀ ਲੱਜਿਆ ਵਾਲੀ ਹੁੰਦੀ ਹੈ। ਨਰਗਸ=ਚੰਗਾ ਫੁਲ--ਬਰਤਾ=ਸ੍ਰਿਸ਼ਟਤਾਈ ਗਿਣਕੇ। ੨੪੦. ਕ੍ਰਿਸਨ ਨੂੰ ਵਰਨ ਲਈ। ਜਲਜੰ=ਕੌਲ ਲਜਿਆਵਾਨ। ਲਜਿਆ ਦੇ ਭਾਂਡੇ ਭੱਜ ਗਏ।

੨੪੧. ਮਾਨੋ ਘਾਹ ਵਿਚ ਫੁਲਵਾੜੀ ਖਿੜੀ ਪਈ ਹੈ।

Sri Satguru Jagjit Singh Ji eLibrary NamdhariElibrary@gmail.com

੨੪੪. ਸਿਤ = ਚਿੱਟਾ ਟਿੱਕਾ ਕੇਸਰ ਦਾ। ਪਚਾਮ੍ਰਿਤ = ਕੜਾਹੀ, ਸੀਰਾ। ਤਾਤ = ਪਿਆਰਾ। ੨੪੫. ਧੂਆ = ਅਸਮਾਨ। ਆਨਨ = ਮੂੰਹ ਛਕਨ = ਸੋਭਾ ਸੁਪਤ = ਭੈਰੋ। ਭਾਵ ਏਹਨੂੰ ਸੋਭਦਾ ਹੈ ਮੂੰਹ ਦਾ ਪ੍ਰਕਾਸ ਜਿਵੇਂ ਸੂਰਜ ਦਾ। ਸੁਰਾਂ ਵਿਚ ਇੰਦਰ ਦਾ, ਭੈਰੋਂ ਵਿਚ ਸ਼ਿਵ ਦਾ ਏਹਨੂੰ ਜੋਤ ਜਗਦੀ ਹੈ।

੨੪੬. ਰਾਨਨ = ਰਣ ਭਾਵ ਜੰਗਾਂ ਨੂੰ ਕਰਨ ਵਾਲੀ।

੨੪੮. ਲਾਲ = ਗੋਪੀਆਂ ਖੁਸ਼ੀ ਨਾਲ ਲਾਲੋ ਲਾਲ ਹੋ ਗਈਆਂ ਹਨ।

੨੪੯. ਪਾਂਤਨ = ਕਤਾਰਾਂ ਜੋੜਕੇ। ਖਰੀ = ਖੜੋਤੀਆਂ ਹਨ। ਮਾਨੋ ਰਾਤ ਦੇ ਮਾਲਕ ਚੰਦ ਨੂੰ ਵੇਖਕੇ ਕੰਮੀਆਂ ਖਿੜੀਆਂ ਹਨ। ਧੁਰ = ਓੜਕ ਤਾਂਈ। ਭਾਵ ਇਸ ਕੰਢੇ ਤੋਂ ਦੂਜੇ ਕੰਢੇ ਤਕ ਸਾਰੀਆਂ ਕੰਮੀਆਂ ਖਿੜੀਆਂ ਹਨ।

੨੫੦. ਭਾਮਨ = ਇਸਤ੍ਰੀਆਂ ਖੁਸ਼ੀ ਹੋਈਆਂ। ੨੬੨. ਟਕਵਾ = ਟਿਕ ਭਾਵ ਅੱਖਾਂ ਨਾਲ ਟਿਕ ਭਾਵ ਪ੍ਰੀਤੀ ਲਗਦੀ ਹੈ। ਫਿਰ ਹਥ ਲਗ ਜਾਣ ਤਾਂ ਬੜਾ ਚੰਗਾ ਕੰਮ ਸੌਰ ਜਾਂਦਾ ਹੈ। ੨੬੩. ਆਛਨ ਬਾਲਾ = ਭਲੀਆਂ ਇਸਤ੍ਰੀਆਂ ਨੂੰ ਵੀ ਅਸੀਂ ਆਖ ਦਿਆਂ ਗੀਆਂ ਕਿ ਏਥੇ ਨਾ ਨ੍ਹਾਓ। ਹਾਲਾਂ = ਛੇਤੀ ਨਾਲ। ੨੭੦. ਭਾਵਨ = ਸੋਭਾ ਨਾਲ ਭਰੀ ਪਈ ਹੈ। ਸੇਤ ਹਰੀਆਂ = ਚਿੱਟਾ ਫੁੱਲ, ਕੰਮੀਆਂ। ਮਦਨ = ਕਾਮ ਦੀ ਖੇਡ ਕਰਨ ਵਾਸਤੇ ਹਾਰ ਬਣਾਯਾ।

੨੭੧. ਤਨਕੇ = ਖਿੱਚਕੇ ਧਨਖ ਵਾਂਗੂੰ ਭਰਵੱਟੇ ਅੱਖਾਂਦੇ। ਸਉਹੇ = ਸਾਹਮਣੇ ਕਸਮ। ਗਉ ਹੈ = ਤਿੱਖੀ ਨਜ਼ਰ। ੨੭੨. ਤਰ = ਰੁੱਖ ਦੇ ਪਾਸ। ਗਜ = ਹਾਥੀ ਵਰਗੀ ਚਾਲ ਵਾਲੀ। ਬੇਰ = ਅੱਖਾਂ ਬੇਰ ਵਾਂਗ ਗੋਲ ਹਨ। ਮੈਨ = ਕਾਮਨੇ। ਦਾਮੈ = ਬਿਜਲੀ [ਦਾਮਨੀ] ਭਾਵ ਚੰਚਲ ਹਨ। ਅੱਖ ਰਸਾਤੁਰ = ਕਾਮ ਰਸ ਕਰਕੇ ਦੁਖੀ ਹੈ। ਭੁਖਾਂ ਬਾਜ ਜੀਕੂੰ ਖੁਰਾਕ ਤੇ ਔਂਦਾ ਹੈ।

੨੭੩. ਧੈਨੜ = ਗਊਆਂ। ੨੭੪. ਹਿਰੀਆ = ਹਰਨ ਭਾਵ ਲੈਣ ਵਾਲਾ। ਹੇਰੀ = ਵੇਖੀਆਂ ਗੋਪੀਆਂ ਨ੍ਹਾਉਂਦੀਆਂ। ਕਿਸਾਰਥ = ਕਿਸ ਵਾਸਤੇ।

੨੭੫. ਜਦੋਂ ਚਾਰ ਅੱਖਾਂ ਮਿਲ ਗਈਆਂ ਤਾਂ ਹੋਰ ਗੱਲਾਂ ਦੀ ਸ਼ਰਮ ਦੀ ਵਿਚਾਰ ਕੀ ਕਰਨੀ ਹੈ। ੨੭੬. ਡੇਰਨ = ਤੁਹਾਡੇ ਘਰਾਂ ਵਿਚ ਜਾਕੇ ਕਿਸੇ ਨੇ ਕੁਛ ਆਖਣਾ ਤਾਂ ਹੈ ਨਹੀਂ ਹੈ। ੨੮੦. ਸਰਤਾ = ਪ੍ਰੇਮ ਰੂਪੀ ਨਦੀ ਦੇ ਰਸਤੇ ਰੁੜ ਪਈਆਂ। ੨੯੩. ਲੱਜਿਆ ਰੂਪ ਬੰਨਣ ਕੌਲ ਫੁਲ ਦੀ ਡੰਡੀ ਵਾਂਗ ਟੁੱਟ ਗਏ। ੨੯੪. ਸਵਾਰੇ = ਬਹੁਤ ਹੀ ਵੱਡੇ ਸਵੇਰੇ।

੨੯੫. ਗਾ ਕੇ = ਪਿੰਡ ਦੇ ਲੋਕ ਸਾਨੂੰ ਵੇਖ ਨਹੀਂ ਸਕਣਗੇ।

੨੯੬. ਚਿੜੀ ਬੋਲੀ ਕੌਲ। ਗੋਪਾਂ ਦੀ ਰਾਣੀ ਜਸੋਧਾਂ। ਨਿਜਕਾਨੀ = ਨੇੜੇ।

੨੯੭. ਪ੍ਰੀਤੀ ਦੀਆਂ ਗੱਲਾਂ ਨੂੰ ਪੜ੍ਹੇ ਤੇ ਫਿਰ ਉਸਨੂੰ ਕੜੇ = ਵਿਚਾਰੇ ਉਹ ਰਸ ਦੀ ਰੀਤੀ ਨੂੰ ਨਿਚਿੰਤ ਹੋਕੇ ਚੱਖਦਾ ਹੈ। ੨੯੮. ਗਤੀਆਂ = ਮੁਕਤੀ ਹੋਣ ਦੀ ਏਹੋ ਹੀ ਗੱਲ ਹੈ। ਗਤ = ਦਸ਼ਾ ਹੋ ਗਈ ਹੈ ਇਸਤ੍ਰੀਆਂ ਦੀ ਇਸਤਰਾਂ ਦੀ। ੩੦੨. ਬ੍ਰਿਖਭਾਨ ਦੀ ਧੀ। ਰਾਧਾ ਇਸਤ੍ਰੀ ਹਰਨੀ ਵਾਂਗ ਦੌੜੀ ਆਈ ਹੈ।

੩੦੫. ਕ੍ਰਿਸ਼ਨ ਦੀ ਸਿਆਣਪ ਵੇਖੋ ਜਿਸਨੇ ਬਾਲ ਰੂਪ ਹੋਕੇ ਵੇਦ ਪਾਠੀ ਪਾਂਡਿਆਂ ਨੂੰ ਛਲ ਲਿਆ ਹੈ। ਭਾਵ ਓਨਾਂ ਨਹੀਂ ਸਮਝਿਆ ਕਿ ਇਹ ਅਵਤਾਰ

Sri Satguru Jagjit Singh Ji eLibrary NamdhariElibrary@gmail.com

ਹੈ ਅਸੀਂ ਇਸਨੂੰ ਅੰਨ ਦੇ ਦਈਏ। ੩੧੧. ਮੋਨ=ਚੁਪ ਕਰਕੇ ਬੈਠ ਰਹੇ ਹਨ ਸਾਨੂੰ ਕੁਛ ਉਤਰ ਨਹੀਂ ਦਿਤਾ। ਤਨ=ਸਰੀਰ ਦਾ ਜੋਰ ਨਾਸ ਹੋ ਗਿਆ ਹੈ।

੩੧੨. ਪਤਨੀ=ਇਸਤ੍ਰੀਆਂ ਸੱਤ ਸੌ ਤਰਾਂ ਦਾ ਅੰਨ ਬਣੌਣਾ ਤੇ ਜਪ ਤਪ ਕਰਨਾ ਕਈ ਤਰਾਂ ਦਾ ਮਿੱਠਾ ਅੰਨ ਠਾਕਰਾਂ ਅਗੇ ਰੱਖਕੇ ਓਨਾਂ ਨੂੰ ਆਖਦੇ ਹਨ ਖਾਓ ਜਾਂ ਮਿੱਠੇ ਅੰਨ ਨੂੰ ਕੌੜਾ ਆਖਦੇ ਹਨ ਭਾਵ ਪੱਥਰ ਪੂਜਾ ਕੌੜਾ ਕੰਮ ਕਰਦੇ ਹਨ ਤੇ ਜੀਆਂ ਨੂੰ ਅੰਨ ਦੇਣਾ ਮਿਠਾ ਕੰਮ ਨਹੀਂ ਕਰਦੇ ਹਨ।

੩੧੪. ਮਾਰਗ=ਰਸਤੇ ਤੁਰ ਪਈਆਂ। ਜਿਨ੍ਹਾਂ ਇਸਤ੍ਰੀਆਂ ਨੂੰ ਖਸਮਾਂ ਨੇ ਘਰਾਂ ਦੇ ਬੂਹੇ ਬੰਦ ਕਰਕੇ ਰੋਕ ਲਿਆ ਉਹ ਘਰ ਵਿਚ ਰਹੀਆਂ ਤਾਂ ਸਹੀ ਪਰ ਮਨ ਓਨਾਂ ਨੇ ਕ੍ਰਿਸ਼ਨ ਪਾਸ ਘੱਲ ਦਿਤੇ। ਤ੍ਰੁੜੀ ਦੀ ਕੰਧ ਰੋੜ੍ਹ ਨਦੀ ਅਗੇ ਨਹੀਂ ਰਹਿੰਦੀ। ੩੧੭. ਸ਼ਿਵਜੀ ਦੇ ਵੈਰੀ ਕਾਮ ਨੇ ਸੁੰਦਰਤਾ ਬ੍ਰਹਮਾ ਪਾਸ ਵੇਚ ਦਿਤੀ ਤੇ ਉਸਨੇ ਸਾਰਾ ਰਸ ਕਾਮ ਦੀ ਸੁੰਦਰਤਾ ਦਾ ਕ੍ਰਿਸ਼ਨ ਵਿਚ ਨਿਚੋੜ ਦਿਤਾ ਹੈ। ੩੧੯. ਚਮਕ ਪੱਥਰ ਦੇ ਟੋਟੇ ਨੂੰ ਵੇਖਕੇ ਪਾਣੀ ਵਿਚ ਲੋਹ ਦੀ ਸੂਈ ਭੌਂਦੀ ਹੈ। ੩੨੦. ਭੀਖਮ ਮਾਤ=ਗੰਗਾ ਦੇ ਛੁਹਣ ਨਾਲ ਪਾਪ ਦੂਰ ਹੋ ਜਾਂਦੇ ਹਨ। ੩੨੨. ਪੂਰਾ ਜੋਗੀ ਜੀਕੂੰ ਧਨ ਨਹੀਂ ਸੰਭਾਲਦਾ।

੩੨੩. ਚੰਦਨ ਦੇ ਰੁੱਖਾਂ ਵਾਲੇ ਪਹਾੜ ਦੀ ਵਾਸ਼ਨਾ ਨਾਲ ਮਨੁਖ ਦੇਹ ਰੂਪ ਸਾਰਿਆਂ ਰੁੱਖਾਂ ਨੂੰ ਵਾਸ਼ਨਾ ਵਾਲੇ ਕਰ ਦਿਓ। ੩੨੪. ਪਤਨੀ=ਇਸਤ੍ਰੀਆਂ ਨੇ ਮੰਨ ਲਈ ਕ੍ਰਿਸ਼ਨ ਦੀ ਗੱਲ। ਜਤੀਅ=ਜਾਣਿਆਂ ਨਹੀਂ ਜਾਂਦਾ ਭਾਵ ਕ੍ਰਿਸ਼ਨ ਦਾ ਕੀਤਾ ਉਪਦੇਸ਼ ਆਖਿਆ ਨਹੀਂ ਜਾਂਦਾ। ਗਤੀਅ=ਇਉਂ ਓਨਾਂ ਦੀ ਦਸ਼ਾ ਹੋ ਗਈ। ਇਸਤ੍ਰੀਆਂ ਦੇ ਕਾਲੇ ਮੂੰਹ ਸੀ ਜੀਕੂੰ ਰਤੀਆਂ ਵਿਚ ਕਾਲਖਤਾ ਹੁੰਦੀ ਹੈ ਸੋ ਅਗੋਂ ਪਾਂਡਿਆਂ ਦੇ ਲਾਲ ਮੂੰਹ ਪ੍ਰੇਮ ਰੰਗ ਨਾਲ ਹੋ ਗਏ। ਜੁਵਤੀ=ਇਸਤ੍ਰੀਆਂ। ੩੨੬. ਅਸੀਂ ਡਰਦੇ ਸਾਂ ਕਿ ਸਾਡਾ ਰਾਜਾ ਕੰਸ ਸਾਨੂੰ ਮਾਰ ਨ ਦੇਵੇ। ੩੨੮. ਰੋਚਨ=ਮਨ ਨੂੰ ਚੰਗੀ ਲੱਗਦੀ ਹੈ ਪੰਡਤਾਂ ਨੇ ਇਸਤ੍ਰੀਆਂ ਨੂੰ ਆਖਿਆ ਸਾਨੂੰ ਕਥਾ ਸੁਣਾਓ।

੩੩੬. ਸਭ ਕੁਛ ਪ੍ਰਮੇਸਰ ਤੋਂ ਹੁੰਦਾ ਹੈ ਮੈਂ ਵੈਰੀ ਲੋਕ ਕਹਿੰਦੇ ਹਨ ਕਿ ਇੰਦ੍ਰ ਤੋਂ ਹੁੰਦਾ ਹੈ। ੩੩੮. ਸਾਰਿਆਂ ਡਰਾਂ ਦੇ ਨਾਸ ਕਰਨ ਵਾਲਾ ਅਕਾਲ ਪੁਰਖ ਹੈ, ਇੰਦ੍ਰ ਕੁਛ ਨਹੀਂ ਹੈ। ੩੩੯. ਓਹ ਇਕ ਹੈ ਨਦੀਆਂ ਦੇ ਪ੍ਰਵਾਹ ਬਰਾਬਰ ਹੋਕੇ ਫੈਲਿਆ ਹੋਯਾ ਹੈ। ੩੪੨. ਝੋਸੋ=ਇਕ ਵਾਰੀ ਝਪਟਾ ਮਾਰਕੇ ਮਾਰ ਸੁਟਾਂਗਾ। ਹਰਸ=ਖੁਸੀ ਨਾਲ। ਪਾਰਥ=ਅਰਜਨ ਦਾ ਪਿਓ ਇੰਦ੍ਰ। ਅਨ=ਆਨ ਮੰਨਕੇ ਇਹ ਥਾਂ ਛੱਡ ਜਾਵੇਗਾ।

੩੪੩. ਬਾਕੇ=ਬਚਨ ਭਾਵ ਸੁਭ ਉਪਦੇਸ਼ ਰੂਪ। ਮੁਰਵੀ=ਇਕ ਤਰਾਂ ਦੀ ਧਨਖ ਦੀ ਪੱਕੀ ਰੱਸੀ-ਪਿਓ ਦੀ ਅਕਲ ਤੀਰ ਰੂਪ ਬਚਨ ਨਾਲ ਵੱਸ ਕੀਤੀ। ਬਿਅਕਲੀ ਈਕੂੰ ਗਈ ਜੀਕੂੰ ਫਸੀ ਚਿੜੀ ਛੁਟ ਜਾਂਦੀ ਹੈ। ਬਾਰਦ=ਬਦਲ। ਆਧੀ=ਹਨੇਰੀ।

੩੪੪. ਚਿਤ=ਜੇਹੜਾ ਸਾਨੂੰ ਚੇਤੇ ਰੱਖਦਾ ਹੈ ਭਾਵ ਹਰ ਤਰਾਂ ਨਾਲ ਸਾਡੀ ਪਾਲਣਾ ਕਰਦਾ ਹੈ ਅਸੀਂ ਉਸ ਤਿੰਨਾਂ ਲੋਕਾਂ ਦੇ ਮਾਲਕ ਨੂੰ ਕਦੀ ਯਾਦ ਕੀਤਾ ਹੈ।

੩੪੫. ਕੁਰਬੇ=ਸਾਰੇ ਟੱਬਰ ਦੇ ਲੋਕ। ਪੰਚਾਮ੍ਰਿਤ=ਕੜਾਹ, ਸੀਰਾ।

Sri Satguru Jagjit Singh Ji eLibrary NamdhariElibrary@gmail.com

੩੪੬. ਅਹਾਰ=ਖਾਣਾ। ਬਾਰ=ਬਾਲਕ। ੩੪੮. ਗੋਪਾਂ ਨੇ ਬਾਜ ਰੂਪ ਹੋ ਜਾਣਾ (ਕ੍ਰਿਸਨਦੀਆਂ ਗੱਲਾਂ ਸੁਣਕੇ) ਤੇ ਗਿਆਨ ਰੂਪ ਪੰਛੀ ਨੂੰ ਧੋਣੋਂ ਫੜ ਲੈਣਾ। ੩੫੦. ਅਘ=ਪਾਪਾਂ ਦੇ ਨਾਸ ਕਰਨ ਵਾਲੇ। ਬਿਨਾਂ ਨਘ=ਪਾਪਾਂ ਤੋਂ ਬਗੈਰ। ਪ੍ਰਘ=ਬਜਰ ਜੋ ਬਜਰ ਦੇ ਧਰਨ ਵਾਲਾ ਇੰਦਰ ਹੈ। ਮਘ=ਦਾ ਪਤੀ ਜਰਾਸਿੰਧ। ੩੫੧. ਜਮੀਨ ਦਾ ਪੁਤਰ ਭੂਮਾਸਰ। ਨੌ ਤੇ ਸਤ=ਸੌਲਾਂ ਹਜਾਰ ਇਸਤ੍ਰੀਆਂ। ਬਰਮੰਸ੍ਰ=ਵਰ ਮੰਗਿਆ ਜਾਂ ਸੁੰਦਰ ਇਸਤ੍ਰੀਆਂ ਕੱਚ ਦੀਆਂ ਵੰਙਾਂ। ਜੁਗਾਂ ਦੇ ਨਾਲ ਹੀ ਸਭ ਕੁਝ ਦੇਂਦਾ ਹੈ। ਟੁੱਟੀ ਹੋਈ ਅਕਲ ਵਾਲਾ ਇੰਦ੍ਰ ਕਿਉਂ ਝਗੜਦਾ ਹੈ (ਜਗਤ ਪਤੀ ਨਾਲ)।

੩੫੨. ਤਉਅਨ=ਤਾਏ। ਚਚੇ=ਚਾਚੇ। ੩੫੩. ਕਾਛ=ਲੱਕ ਬੰਨ ਲਏ ਜਾਂ ਚੰਗੇ ਬਣਾਓ ਬਣਾਏ। ਬਾਰ=ਪਾਣੀ, ਚਰੀਆ=ਗਉਆਂ। ਛਿਪ੍ਰ=ਜਲਦੀ, ਇੰਦਰ ਦਾ ਕੰਮ, ਇਸਤ੍ਰੀਆਂ ਪੁਤ ਪਿਛੇ ਛੱਡ ਚਲੇ (ਬਦਲ ਜੋ ਇੰਦਰ ਦੇ ਹੁਕਮ ਨਾਲ) ੩੫੬. ਬਿਸਟ=ਵਰਖਾ। ਦਧਰੀ=ਲਵੇਰੀ, ਸਤ ਦਿਨ ਤੇ ਸਤ ਰਾਤਾਂ। ਬਾਂਝ=ਨ ਲਵੇਰੀ। ਗਾਂਝੇ ਪਤੀ ਤੋਂ ਬਿਨਾਂ ਜੀਕੂੰ ਹੀਰ ਵਿਰਲਾਪਦੀ ਹੈ। ੩੫੯. ਅਰਣੋਦਿਤ=ਸੂਰਜ ਚੜ੍ਹਿਆ, ਜੀਕੂੰ ਸ਼ੇਰ ਦੇ ਵੇਂਹਦਿਆਂ ਗਿੱਧੜ ਸ਼ੇਰਨੀ ਨੂੰ ਗੁਸੇ ਨਾਲ ਕਹਿੰਦਾ ਹੈ।

੩੬੦. ਬਾਹਨ=ਸਵਾਰੀ ਹੈ ਹਾਥੀ ਜਿਸ ਦੀ। ਪੱਬਨ=ਪਰਬਤ। ਪਰ=ਖੰਭ।

੩੬੧. ਜਾਮ=ਅਠ ਪਹਿਰ। ਹੁਤਾਸਨ=ਅੱਗ। (ਪਹਾੜ)ਕਾਟੋ=ਸਾਰਿਆਂ ਨੂੰ ਕੱਠਿਆਂ ਕਰਕੇ। ਤਾਤ=ਪਿਆਰਾ। ਘਾਠੋ=ਘਾਟਾ ਪੈ ਗਿਆ। ਤ੍ਰੀਆ=ਇਸਤ੍ਰੀ ਹੱਕੇ। ੩੬੨. ਤੁਸੀ ਸਾਡਾ ਆਸਰਾ ਹੋ। ਜੀਕੂੰ ਨਿਕੇ ਬਾਲ ਖਡੌਣਿਆਂ ਨੂੰ ਭੰਨ ਦੇਂਦੇ ਹਨ। ਪੁਸਤੀਨ=ਉੱਨ ਦਾ ਝੱਗਾ। ਜਾਡਾ=ਪਾਲਾ।

੩੬੬. ਡਾਣੇ=ਮੂੰਹ ਦੇ ਤੋੜਨ ਵਾਸਤੇ। ੩੬੭. ਬਸ=ਮਾਰਨਾ। ਰਸ=ਗੁਸੇ ਵਾਲੇ ਰਸ ਵਿਚ ਲਾਲ ਹੋਇਆ। ਅੱਤਾ=ਬਹੁਤ ਡਰੌਣਾ। ਸੱਤਾ=ਹੋ ਬੈਲਾਂ ਨੂੰ। ਗੋਧਨ=ਰਾਜਿਆਂ। ੩੬੮. ਵੱਡੇ ਪਹਾੜ ਨੂੰ ਹੱਥ ਨਾਲ ਪੁਟ ਲਿਆ। ਜਥਾ=ਜੀਕੂੰ ਪਹਿਲੇ ਹੀ ਪਹਾੜ ਹਥ ਵਿਚ ਸੀ। ਹਥਾ=ਜਿਸ ਦਾ ਹਥ ਹਾਥੀ ਹੈ ਉਸ ਇੰਦਰ ਦੀ ਕੀ ਗਿਣਤੀ ਹੈ। ੩੬੯. ਰਿਪ ਅਰ=ਦੁਸ਼ਮਣਾਂ ਨੂੰ ਦੁਖਦਾਈ। ਸੁਰੰਦ=ਇੰਦਰ। ਵਿਸਾਰਦ=ਸਿਆਣਾ। ਬਾਰਦ=ਬੱਦਲ।

੩੭੧. ਜੀਕੂੰ ਸ਼ੇਰ ਰਾਹ ਰੋਕ ਕੇ ਖੜੋਂਦਾ ਹੈ। ਜੀਕੂੰ ਜਮ ਜੀਆਂ ਦੇ ਦਿਲ ਘੁੱਟ ਲੈਂਦਾ ਹੈ। ਈਕੂੰ ਬਦਲ ਛਪ ਗਏ ਜੀਕੂੰ ਆਦਮੀਆਂ ਦੀਆਂ ਰੂਹਾਂ ਉਡ ਜਾਂਦੀਆਂ ਹਨ। ਦਫਾ=ਦੂਰ। ਗਫਾ=ਬੁਰਕੀ। ਕ੍ਰਿਸ਼ਨ ਨੇ ਧਨਖ ਤੇ ਤੀਰ ਧਰੇ ਤੋਂ ਬਿਨਾ ਹੀ ਇਕ ਤਮਾਸ਼ਾ ਕੀਤਾ। ਸਕ੍ਰਦ=ਸਤਕ੍ਰਿਤ=ਇੰਦਰ।

੩੭੩. ਉਪਾਰ=ਪੁਟਿਆ ਪਹਾੜ। ਗਰੁਓ=ਜੋ ਬਹੁਤ ਭਾਰਾ ਸੀ।

੩੭੪. ਅਭੈ=ਡਰ ਤੋਂ ਬਿਨਾਂ। ਬੇਰ=ਸਮਾਂ। ਨਭੈ=ਆਕਾਸ।

੩੭੫. ਓੜਲ=ਜੇਹੜਾ ਜੋਗ ਵਿਚ ਜੁੜਿਆ ਰਹਿਣ ਵਾਲਿਆਂ ਤੋਂ ਓਹਲੇ ਰਿਹਾ ਹੈ। ੩੭੬. ਰਕਸੀ=ਰਾਖੀ ਇਸਤ੍ਰੀਆਂ ਦੀ ਬਿਅਰਥੀ ਕਰ ਦਿਤੀ, ਭਾਵ ਦੈਂਤ ਜੋ ਇਸਤ੍ਰੀਆਂ ਦੀ ਰਾਖੀ ਕਰਦਾ ਸੀ ਉਸ ਤੋਂ ਉਸ ਨੂੰ ਹਟਾ ਦਿਤਾ ਤੇ ਔਰਤਾਂ ਆਪ ਸਾਂਭੀਆ। ਅਹੱਲਿਆਂ ਪਾਰ ਹੋ ਗਈ। ਧਰੀ=ਧਰਤੀ ਬਚਾ

Sri Satguru Jagjit Singh Ji eLibrary NamdhariElibrary@gmail.com

ਲਈ। ੩੭੭. ਪ੍ਰਤਨਾ=ਸੈਨਾ। ਸੁਤ ਕੌਲ=ਬ੍ਰਹਮਾ। ਕਲੀ=ਕਲਜੁਗ ਭਾਵ ਬ੍ਰਹਮਾ ਜਿਸਦੀ ਵਡਿਆਈ ਕਰਦਾ ਹੈ ਸੋ ਇਸ ਜੁਗ ਦੇ ਜੀਵ ਵੀ ਉਸ ਨੂੰ ਪ੍ਰਜਣ ਮੰਨਣ। ੩੭੮. ਗਰੂਓ=ਭਾਰਾ। "ਇੰਦਰ" ਰਘਵਾ=ਰਾਮ। ਲਘਵਾ=ਛੋਟਾ। ਅਘਵਾ=ਪਾਪ। ੩੭੯. ਬਟੇ=ਵੰਡ ਦਿਤੇ। ਸਾਰੇ ਦੁਖ, ਲਟ=ਨਾਸ ਹੋ ਜਾਂਦੇ ਹਨ। ਜੋ ਸਰੀਰ ਨੂੰ ਦੁਖ ਨਾਸ ਕਰਨ ਵਾਲੇ ਹੁੰਦੇ ਹਨ ਜਾਂ ਦੌੜ ਜਾਂਦੇ ਹਨ।

੩੮੦. ਪਠੀ=ਘੱਲੀ ਹੋਈ। ਛਠੀ=ਅਜੇ ਛੇ ਦਿਨ ਕ੍ਰਿਸ਼ਨ ਨੂੰ ਜੰਮਿਆਂ ਹੋਏ ਸੀ। ਮਾਠੀ=ਸ਼ਾਂਤੀ ਠੰਢੀ ਕਰਕੇ ਬਦਲਾਂ ਦੀ ਫੌਜ।

੩੮੧. ਗਢੈ=ਜੇ ਮਨ ਵਿਚ ਕ੍ਰਿਸ਼ਨ ਵੱਸ ਜਾਵੇ ਤੇ ਤਾਂ ਦੁਖ ਦੂਰ ਹੁੰਦੇ ਹਨ। ਅਡੈ=ਕੌਣ ਇਸ ਕ੍ਰਿਸਨ ਦੇ ਅਗੇ ਇਕ ਪਲ ਵੀ ਅੜ ਸਕਦਾ ਹੈ। ਜਡੈ=ਜਿਨ੍ਹਾਂ ਦੇ ਮਨ ਵਿਚ ਥੋੜਾ ਜੇਹਾ ਹੀ ਜੜਿਆ ਭਾਵ ਵੱਸ ਜਾਂਦਾ ਹੈ। ਤਾਂ ਉਨਾਂ ਨੂੰ ਛਲਨ ਦਾ ਭਾਵ ਹੈ ਉਹ ਕ੍ਰਿਸਨ ਦੇ ਹੋ ਜਾਂਦੇ ਹਨ। ੩੮੨. ਕਾਡੈ=ਕੱਢ ਦਿਤਾ ਤੇ ਦੁਖ ਦੂਰ ਕਰਨੇ ਹਨ। ੩੮੩. ਲੋਕਾਂ ਦਾ ਮਾਲਕ ਇੰਦ੍ਰ। ਪਾਣੀ ਦੀ ਫੌਜ (ਬਦਲ) ਸਾਜ ਬਣਾਕੇ ਅਣੇ=ਲਿਆਇਆ। ਵੱਡਾ ਸੂਰਮਾ ਦਲ ਲੈਕੇ ਖੜੋਤਾ। ਬਹੁਤੇ ਤੀਰਾਂ ਨੂੰ। ੩੮੫. ਵਰਤ ਧਾਰੀ ਸੂਰਮਾ ਹੈ। ਹਤ=ਮਾਰੀ ਹੈ ਫੌਜ। ਰਤੀ=ਥੋੜੀ ਵੀ ਇੱਜਤ ਨ ਰਹੀ। ਜੀਕੂੰ ਜਤੀ ਆਦਮੀ ਮੋਹ ਤੇ ਗੁਸੇ ਨੂੰ ਨਾਸ ਕਰਦਾ ਹੈ। ੩੮੭. ਬਸਾਂਦਾ=ਵੱਸ। ਬਾਂਦਾ=ਦਾਸ। ਮਘਵਾ=ਇੰਦ੍ਰ ਖਿਸਾਂਦਾ=ਸ਼ੋਕ ਸ਼ਰਮ ਖਾਂਦਾ। ੩੮੮. ਅਨੀ=ਫੌਜ, ਈਕੂੰ ਲੋਕਾਂ ਦਾ ਪਤੀ ਇੰਦ੍ਰ ਗਿਅ ਜੀਨੂੰ ਸੱਪ ਦੇ ਸਿਰੋ ਮਣੀ ਖੋਹ ਲਈਏ ਤਾਂ ਉਹ ਸ਼ੋਕ ਕਰਦਾ ਜਾਂਦਾ ਹੈ। ੩੯੦. ਦਫਾ=ਇਕ ਵਾਰੀ ਭਾਵ ਇਕ ਦਿਨਦੀ ਗੱਲ ਹੈ। ਖਫਾ=ਗੁਫਾ ਭਾਵ ਪਹਾੜ ਦੀ ਖੁੰਦਰ। ਜਫਾ=ਕ੍ਰਿਸਨ ਨੇ ਵੇਖ ਲਿਆ ਕਿ ਹੁਣ ਤਾਂ ਸਾਡੀ ਬਣਾਇਆਂ ਬਿਗੈਰ ਸਰਦੀ ਨਹੀਂ ਹੈ ਤਾਂ ਛੇਤੀ ਨਾਲ ਹੋਰ ਬਣਾ ਲਏ। ਸਫਾ=ਸਭ ਭਾਵ ਟੋਲਾ ਗੋਪਾ ਦਾ ਬਣਾਇਆ। ੩੯੯. ਜੀਕੂੰ ਅੱਗ ਧੂੰਏ ਨਾਲ ਢੱਕੀ ਹੁੰਦੀ ਹੈ ਈਕੂੰ ਹੀ ਛੱਤ੍ਰੀ ਹੋਕੇ ਗੁੱਜਰਾਂ ਵਿਚ ਲੁਕ ਬੈਠਾ ਹੈ।

੪੦੪ ਧੈਨ=ਕਾਮ ਧੈਨ ਗਾਂ ਕ੍ਰਿਸਨ ਕੋਲ ਆਈ। ਇੰਕਰ=ਅਪੱਛਰਾਂ ਨੇ ਆਪਣੇ ਪਤੀ ਨੂੰ ਆਖਿਆ ਤੂੰ ਵੀ ਵਡਿਆਈ ਕਰ (ਕ੍ਰਿਸ਼ਨ ਜੀ ਦੀ) ਭਾਈ=ਉਹ ਉਪਮਾ ਮੈਨੂੰ ਬੜੀ ਭਾਂਦੀ ਹੈ। ੪੦੯. ਹਰਿਤਾਤ=ਕ੍ਰਿਸਨ ਦਾ ਪਿਤਾ। ਗਜ=ਵਰਨ ਰਾਜੇ ਦੇ ਹਾਥੀ ਨੇ ਗੁਸਾ ਕਰਕੇ ਸਾਰੀ ਫੌਜ ਕੱਠੀ ਕਰਕੇ ਨੰਦ ਨੂੰ ਬੰਨ੍ਹ ਲਿਆ। ਬਰਨੰ=ਵਰਨ ਕੋਲ ਲੈ ਗਿਆ। ਗਾਜੇ=ਗੁੱਸੇ ਨਾਲ ਗੱਜ ਦਾ ਹੈ ਵਰਨ ਦਾ ਸਪਾਹੀ। ਇਸ ਸਪਾਹੀ ਨੂੰ ਕ੍ਰਿਸਨ ਦੇ ਪ੍ਰਤਾਪ ਦਾ ਪਤਾ ਨਹੀਂ ਹੈ, ਇਹ ਇਸ ਤੋਂ ਬਿਨਾਂ ਹੈ। ਵਰਨ ਨੇ ਕ੍ਰਿਸ਼ਨ ਦੇ ਪਿਤਾ ਨੂੰ ਪਛਾਣ ਲਿਆ।

੪੧੧. ਪੁਤ੍ਰ ਨੇ ਮਾਂ ਨੂੰ ਆਖਿਆ ਮੈਂ ਪਿਤਾ ਨੂੰ ਲੈਣ ਜਾਂਦਾ ਹਾਂ। ਭਾਰਥ=ਜੁਧ। ਰਮੈ=ਮਿਲ ਭਾਵ ਜੇ ਕਿਤੇ ਰਲ ਮਿਲ ਗਿਆ ਹੋਵੇਗਾ।

੪੧੨. ਬਹਿਜੋ=ਰੁਝ ਗਿਆ ਉਹ ਦੁਖ ਕ੍ਰਿਸ਼ਨ ਦੀ ਗਲ ਸੁਣ ਕੇ। ਸਾਰਿਆਂ ਨੇ ਧੀਰਜ ਕਰ ਲਈ। ੪੧੩. ਅਜਨੇ=ਅਨਜਾਣ ਪੁਣੇ ਭਾਵ ਮੇਰੇ ਨੌਕਰਾਂ ਭੁਲ ਕੀਤੀ ਹੈ। ਅਨਜੋ=ਲਿਆਂਦਾ। ਵਰਨ ਨੇ ਤਰਲੇ ਕੀਤੇ।

੪੧੭. ਬਾਰੇ=ਬਾਲਕ ਭਾਵ ਪੁਤਰ ਕਰਕੇ ਨ ਸਮਝੋ।

Sri Satguru Jagjit Singh Ji eLibrary NamdhariElibrary@gmail.com

੪੧੮. ਕ੍ਰਿਸ਼ਨ ਪਾਰਸ, ਗੋਪ ਲੋਹਾ, ਸੋਨਾ ਕੀ ਹੈ ਜੋ ਗੋਪਾਂ ਨੂੰ ਗਿਆਨ ਹੋਣਾ ਹੈ ਕਿ ਕ੍ਰਿਸ਼ਨ ਹੀ ਪਰਮੇਸ਼ਰ ਹੈ। ੪੧੯. ਇਕ ਬੜੀ ਸੁੰਦਰ ਥਾਂ ਹੈ ਜੋ ਸੁਪਨੇ ਵਿਚ ਸਕ੍ਰ ਨੇ ਵੇਖੀ ਹੈ। ੪੨੦. ਓਥੇ ਸੁਰਗ ਵਿਚ ਜਿੱਥੇ ਵੀ ਵੇਖੀਏ ਕ੍ਰਿਸ਼ਨ ਹੀ ਖਲੋਤਾ ਦੀਹਦਾ ਹੈ। ਗੋਰਸ=ਮੱਖਣ। ਕਰਤਾ=ਸਾਰਿਆਂ ਜਲਾਂ ਥਲਾਂ ਦੇ ਜੀਆਂ ਦਾ ਕਰਤਾ ਹੈ। ਰਮੀ=ਮਿਲੀ ਹੋਈ ਹੈ ਜਿਸ ਦੀ ਸ਼ਕਤੀ ਧਰਤੀ ਅਕਾਸ਼ ਵਿਚ। ੪੪੧. ਪਾਪੀਆਂ ਦੇ ਪਾਪ ਦੂਰ ਹੋਏ। ਇਹ ਚਿਤ ਵਿਚ ਵੱਸਿਆ ਕਿ ਕਾਮ ਦੂਰ ਕਰੀਏ। ੪੪੩. ਕ੍ਰਿਸ਼ਨ ਸ਼ਿਕਾਰੀ ਨੇ ਝਿਮਣੀਆਂ ਦੀ ਕੋਰਨ=ਨਜ਼ਰ ਰੂਪ ਤੀਰਾਂ ਦਾ ਟਟੀਆ=ਮੋਰਚਾ ਲਾਇਆ ਹੈ। ਅੰਬਵਾ=ਕੇਸਰ ਦੇ ਰੰਗ ਵਾਲਾ ਕਪੜਾ। ਪੀਲਾ ਕਪੜਾ ਮੋਢੇ ਉਤੇ ਮੋਹਤ ਕਰਨ ਨੂੰ ਫਾਹੀ ਹੈ। ੪੪੩. ਭਿਲਰਾ=ਭੁਲੇਖਾ। ਡਰ ਪਾਕੇ।

੪੪੫. ਪਾਟ ਪੱਟ। ਪ੍ਰਤੰਗ=ਸਾਰੇ ਅੰਗਾਂ ਦੇ ਅੰਦਰ ਜੋ ਅੰਗ ਹਨ।

੪੪੭. ਤਰ=ਰੁਖ ਹੇਠਾਂ। ਛਕੀ=ਸੋਭਾ ਦੇਂਦੀ ਹੈ। ਹਿਯਾ=ਲੱਜਿਆ। ਬਕੀ=ਬੋਲੀਆਂ ਜਾਂ ਅਸੀ ਬਗਲੀਆਂ ਹਾਂ। ਜਕੀ=ਕਮਲੀ।

੪੫੦. ਤ੍ਰਾਘੀ=ਇੱਛਿਆ ਵਾਲੀਆਂ ਹੋਈਆਂ। ਨਾਖ=ਲੰਘਦੇ ਭਾਵ ਘਰ ਦੇ ਕੰਮ ਛੱਡ ਕੇ ਕੋਠਿਆਂ ਉਤੋਂ ਟੱਪ ਕੇ ਲੰਘੀਆਂ। ਜੋਗੀ ਜੀਕੂੰ ਇੰਦਰ ਲੋਕ ਨੂੰ ਲੰਘਦਾ ਹੈ। ਥਾਘੀ=ਥੱਮ ਪਾਣ ਵਾਲਾ ਭਾਵ ਬਹੁਤ ਕਾਮੀ। ਬਹਾਘੀ=ਵਹਿ ਭਾਵ ਰੁੜ੍ਹ ਪਈਆਂ ਹਨ ਲੱਜਿਆ ਸੁਟ ਕੇ। ੪੫੧. ਗੋਪੀਆਂ ਨੂੰ ਨਾਲ ਰਲਾ ਲਿਆ। ਗਹਿਣੇ ਕਪੜੇ ਡਿਗ ਪਏ। ਇਕ ਰੰਗਣ ਵਾਲੀਆਂ ਪ੍ਰੇਮ ਭਰੀਆਂ ਸਾਰੀਆਂ ਮਨ ਦੀਆਂ ਮੰਗਾਂ ਲਾਹਕੇ। ੪੫੨. ਮਾਚੀ=ਮਸਤ ਹੋਈਆਂ। ਸੋਨੇ ਵਿਚ ਚੁਨੀਆਂ ਚੁਣ ੨ ਕੇ ਜੜਿਆ ਹੈ। ੪੫੩. ਮਾਛੀ= ਮੱਛੀ ਵਰਗੇ ਚੰਚਲ ਨੇਤ੍ਰ ਹਨ। ਕਾਛੀ=ਬਣਾਉ ਬਣਾਇਆ ਹੈ। ਨਟੀ=ਨਾਚ ਕਰਨ ਵਾਲੀ। ਆਛੀ=ਚੰਗੀ ਤਰ੍ਹਾਂ। ੪੫੪. ਕਾਮ ਦੇ ਪੁਤਰ ਵਰਗੇ ਸਾਜ। ਬਹੁਤ ਜੋਗੀਆਂ ਦੇ ਮਨਾਂ ਨੂੰ ਮੋਹਨ ਵਾਲੇ ਸ਼ਕਤੀਵਾਨ ਹਨ।

੪੫੬. ਸਸਾਨਨ=ਚੰਦ ਵਰਗਾ ਮੂੰਹ ਹੈ। ੪੫੮. ਠਗਨੀ=ਮੁਰਲੀ ਠਗਣੀ ਹੈ। ਲੱਜਿਆ ਰੂਪ ਵੇਲ ਛੇਤੀ ਟੁੱਟ ਗਈ ਹੈ। ੪੫੯.ਨਾਠੀ=ਦੌੜ ਨਹੀਂ ਜਾਂਦੀ। ਗਾਠੀ=ਗੰਢ। ਈਕੂ ਮਨ ਚੁਰਾਇਆ ਗਿਆ ਜੀਕੂ ਖਰਵੇ ਪੱਥਰ ਉਤੇ ਚਰਨਾਠੀ ਘਸਕੇ ਬਸ ਹੋ ਜਾਂਦੀ ਹੈ। ੪੬੦. ਲਡੇ=ਸਾੜ ਘੱਤੇ ਬਹੁਤੇ ਪਾਪ। ਕਾਹਲਾ ਹੋਕੇ ਮਨ ਇਕਨਾਂ ਦਾ ਬਹੁਤ ਹੀ ਗੱਡਿਆ ਭਾਵ ਮਿਲ ਗਿਆ ਜਿਨ੍ਹਾਂ ਦਾ ਮਨ ਨਹੀਂ ਮਿਲਿਆ ਉਹ ਅਭਾਗੇ ਹਨ।

੪੬੧.ਉਹ ਕ੍ਰਿਸ਼ਨ ਮੂੰਹ ਸਾਗਰਤੋਂ ਅੰਮ੍ਰਿਤ ਵਰਗੇ ਮਿਠੇ ਮੋਤੀ ਬਚਨ ਕੱਢਦਾਹੈ।

੪੬੨. ਘਾਤ=ਦਾਉ ਬਣਿਆਂ ਹੈ। ਮੈਂ ਜਣੀ ਖਣੀ ਭਾਵ ਨੀਚ ਜਾਤੀਆਂ ਵਾਲੀਆਂ ਇਸਤ੍ਰੀਆਂ ਨਾਲ ਨਹੀਂ ਖੇਡਾਂਗਾ। ਸੱਪ ਦਾ ਹੰਕਾਰ ਤੋੜਨ ਵਾਲਾ।

੪੬੮. ਸਾਫੀ=ਸਾਫ ਜਬਾਬ। ਮਾਰਿਆਂ ਵੀ ਦੋਸ਼ ਨਹੀਂ ਮਾਫ ਹੋਵੇਗਾ। ਲਾਫੀ=ਲਫਾਫੇ ਵਾਂਗੂੰ ਪੋਲੀਆਂ ਭਾਵ ਵਾਧੂ ਗੱਲਾਂ। ੪੬੯. ਬ੍ਰਣ=ਜਖਮ ਉਤੇ ਲੂਣ ਪਾਇਆ ਹੈ। ੪੭੦. ਛੋਭੈ==ਗੁਸਾ।

੪੭੧. ਅਮੀ=ਅੰਮ੍ਰਿਤ ਸਮ ਬੋਲਾ। ਗਮੀ=ਪਵਿੱਤ੍ਰ ਮਨ ਜੋ ਸੰਤਾਂ ਦਾ

Sri Satguru Jagjit Singh Ji eLibrary NamdhariElibrary@gmail.com

ਹੈ ਉਸ ਵਿਚ ਪ੍ਰਵੇਸ਼ ਕਰਨ ਵਾਲਾ ਕ੍ਰਿਸ਼ਨ ਜੇਹੜਾ ਹੈ ਉਸ ਨਾਲ ਗੱਲਾਂ ਕਰਨ ਲੱਗੀਆਂ ਹਨ। ਹਮੀ=ਮਿਲ ਗਈ ਹੈ ਭਾਵ ਰਲ ਗਈ ਹੈ, ਵਿਕ ਗਈ ਹੈ। ਛਮੀ=ਕਾਮ ਦੀ ਪੀੜਾ ਸਹਾਰੀ ਨਹੀਂ ਜਾਂਦੀ। (ਗੋਪੀ ਵਾਕ ਹੈ)।

੪੭੨. ਜਹੀ=ਕਾਮ ਦੀਆਂ ਸੜੀਆਂ ਨੂੰ ਠੰਢੀਆਂ ਕੀਤਾ। ਕ੍ਰਿਸ਼ਨ ਨੂੰ ਗੋਪੀਆਂ ਠੱਗਿਆ ਹੈ ਕਿ ਕ੍ਰਿਸ਼ਨ ਨੇ ਗੋਪੀਆਂ ਨੂੰ ਠੱਗਿਆ ਹੈ।

੪੭੬. ਸਮਸਨ=ਬੀਨ ਦੇ ਵਜੰਤ੍ਰੀ ਨੂੰ ਵੇਖਕੇ ਬਹੁਤੀਆਂ ਸੱਪਣੀਆਂ ਦੌੜੀਆਂ। ੪੭੭. ਉਝੀੜਾ=ਵੱਖੋ ਵਖ। ਮਾਰਗ ਰਸਤਾ।

੪੭੮. ਜਾਤ੍ਰਾ=ਜਾਂਦਾ ਹੈ (ਜਿਸਦੇ ਪਾਸ ਸਾਰਾ ਜੱਗ) ਧਰ ਮਾਤ੍ਰਾ=ਧਰਮ ਤੇ ਮਾਇਆ। ਜੋ ਸਭ ਜੀਆਂ ਦਾ ਬਲ ਤੇ ਰਾਖਾ ਹੈ। ਛਾਤ੍ਰਾ=ਵਰਿਆਮਤਾ। ਨਾਤ੍ਰਾ=ਨਾਤਾ ਭਾਵ ਮੇਲ ਮਿਲਾਪ। ੪੮੦. ਖੇ=ਅਸਮਾਨ। ਜੀਕੂੰ ਮੱਛੀਆਂ ਨਾਲ ਲੜਕੇ ਸਮੁੰਦ੍ ਤੁਰ ਗਿਆ ਹੈ। ੪੮੧. ਛੁਟ ਗੀ=ਭੁਲ ਗਈ ਹੈ। ਮਹਿਰੀ=ਇਸਤ੍ਰੀਆਂ। ਪਛੈਰੀ=ਚੁੰਨੀਆਂ। ਕੈਰੀ=ਜੱਫੀਆਂ।

੪੮੩. ਭੇਲਸਿਰੀ=ਫੁਲਾਂ ਵਾਲੀ ਵੇਲ ਹੈ। ਬਾਹ=ਪਾਣੀ ਦੇ ਝਰਨੇ।

੪੮੪. ਗਹੈ=ਇਕ ਗੋਪੀ ਰੁੱਖ ਨੂੰ ਕ੍ਰਿਸਨ ਸਮਝਕੇ ਫੜ ਹੀ ਲੈਂਦੀ ਹੈ।

੪੮੬. ਬਨ ਭ੍ਰਾਤ=ਹੈ ਭਰਾ ਜੰਗਲ ਕ੍ਰਿਸ਼ਨ ਕਿਥੇ ਗਿਆ ਹੈ।

੪੮੭. ਸੇਵਕ=ਦਾਸ ਨੇ ਲੰਕਾ ਸਾੜੀ ਸੀ। ਵਾਸਰ=ਕੌਲ ਫੁਲ।

੪੮੮. ਜੋ ਫੁਲ ਵੇਦ ਪੜ੍ਹਨ ਦਾ ਮੰਗਤਿਆਂ ਨੂੰ ਅੰਨ ਦੇਣ ਦਾ ਪਾਪ ਜਾਂ ਭੈੜਾ ਕੰਮ ਵੇਖਕੇ ਜੋ ਅਦੀਨ=ਨ ਕੀਤਾ ਹੋਇਆ ਆਖ ਦੇਣਾ ਹੈ ਇਸ ਅਨਡਿੱਠ ਨਜਰ ਦਾ ਜੋ ਫਲ ਹੈ। ਉਹ ਉਸਨੂੰ ਫਲ ਪ੍ਰਾਪਤ ਹੋਵੇਗਾ। ਅਤਿਥ=ਗਰੀਬ। ਸੋ ਸਾਡੇ ਜੀਅ ਬਚੌਣ ਦਾ ਦਾਨ ਲੈ ਲਵੇਗਾ ਜੋ ਥੋੜਾ ਜੇਹਾ ਬਣ ਵਿਚ ਸਾਨੂੰ ਕ੍ਰਿਸ਼ਨ ਦਾ ਦਰਸਨ ਕਰਾ ਦੇਵੇ। ੪੯੦. ਪਾਰਥ ਸੂਤ=ਅਰਜਨ ਦਾ ਰਥਵਾਹੀ ਕ੍ਰਿਸ਼ਨ ਕਿਥੇ ਗਿਆ। ਮਾਨੋਂ ਚਕਵੀਆਂ ਦਰਿਆ ਦਾ ਪਰਲਾ ਪਾਸਾ ਵੇਖਕੇ ਭੱਜੀਆਂ ਆਉਂਦੀਆਂ ਹਨ। ਈ ਕੂੰ ਗੋਪੀ। ੪੯੧. ਇਕ ਗੋਪੀਆਂ ਦੈਂਤਾਂ ਦਾ ਰੂਪ ਬਣ ਗਈਆਂ। ਇਕ ਗੋਪੀਆਂ ਕ੍ਰਿਸ਼ਨ ਬਣਕੇ ਓਨ੍ਹਾਂ ਨੂੰ ਮਾਰਨ ਲਗ ਪਈਆਂ। ਜੀਕੂੰ ਮਾਸ ਦੀ ਤਰੀ ਖਾਣ ਵਾਲਾ ਬਾਣੀਆਂ ਭੁਲਕੇ ਰੋੜਾ ਨੂੰ ਤੋੜ ੨ ਖਾਂਦਾ ਹੈ। ੪੯੩. ਅਗਨ ਭਾਵ=ਵਿਛੋੜੇ ਦੀਆਂ ਗੱਲਾਂ ਦਾ ਕਥਨ ਕਰਨਾ। ਸੰਜੋਗ=ਮਿਲਾਪ ਦੀਆਂ ਗੱਲਾਂ। ਰਾਜੇ ਆਖਿਆ ਕ੍ਰਿਸ਼ਨ ਵਿਛੋੜੇ ਦੀਆਂ ਗਲਾਂ। ਗੋਪੀਆਂ ਨੇ ਕ੍ਰਿਸ਼ਨ ਦੇ ਵਿਛੋੜੇ ਵਿਚ ਮੇਲ ਮਿਲਾਪ ਦੀਆਂ ਗਲਾਂ ਕਿਸ ਤਰ੍ਹਾਂ ਕਰ ਦਿੱਤੀਆਂ।

੪੯੪. ਅਰੋਚਕ=ਜਿਸ ਵਿਚ ਮਨ ਦੀ ਰੁਚੀ ਨਹੀਂ ਹੈ। ਪੰਚਭੂ ਆਤਮ=ਮਨ। ਕ੍ਰਿਸ਼ਨ ਦੇ ਅੰਦਰ ਧਿਆਨ ਕਰਕੇ ਵਿਛੋੜੇ ਦੀ ਅੰਗ ਬੁਝਾਂਦੀਆਂ ਹਨ।

੪੯੭. ਗਿਰਬਾਨ=ਤੀਰ। ੪੯੮. ਮਾਨੋ ਕਾਮ ਨਾਲ ਜੁਧ ਕਰਕੇ ਬਹਾਦਰ ਗੋਪੀਆਂ ਸ਼ਹੀਦ ਹੋ ਗਈਆਂ ਹਨ। ੫੦੦. ਪਪੀਹਾ ਬੂੰਦ ਨੂੰ ਤੇ ਮੱਛੀ ਪਾਣੀ ਨੂੰ ਵੇਖਕੇ ਜੀਕੂੰ ਖੁਸ਼ੀ ਹੁੰਦੀ ਹੈ। ੫੦੧. ਗਲ ਵਿਚ ਉਹ ਮਨੀਆਂ ਦਾ ਗੁੱਛਾ ਹੈ ਜੋ ਸਮੁੰਦਰ ਤੋਂ ਲਿਆ ਸੀ। ੫੦੪. ਜਿਵੇਂ ਹਾਥੀ ਵਰਗੀ ਤੋਰ ਤੁਰਨ ਵਾਲੀਆਂ ਇਸਤ੍ਰੀਆਂ ਨੂੰ ਵੇਖਕੇ ਸਉਰੈ=ਆਦਮੀ ਮੋਹਿਆ

Sri Satguru Jagjit Singh Ji eLibrary NamdhariElibrary@gmail.com

ਜਾਂਦਾ ਹੈ। ੫੦੫. ਗਿਰਦਾ=ਚਾਰ ਪਾਸਿਓਂ ਘੇਰਾ ਪਾਇਆ ਤਿਸਟੱਆ=ਖੁਸ਼ੀ ਨਾਲ ਖੜੇ ਗਈਆਂ। ਤੀਰ=ਪਾਸ। ਤਰੱਯਾ=ਤਾਰੀਆਂ।

੫੦੬. ਬਾਰਨ=ਔਰਤਾਂ। ਚਸਕਾਰਨ=ਜਬਾਨ ਦੇ ਸ੍ਵਾਦ ਚਖਣ ਵਾਲੀਆਂ।

੫੦੮. ਬਿਰੀਆਂ=ਆਪਣੀ ਵਾਰੀ। ਭੌਰ=ਭੌਰੇ ਭਾਵ ਉਡ ਗਏ ਸੀ।

੫੦੯. ਉਤਮ ਆਦਮੀ=ਇਹ ਨ ਪ੍ਰੀਤੀ ਕਰਨ ਵਾਲੇ ਨਾਲ ਵੀ ਪ੍ਰੀਤੀ ਕਰਦਾ ਹੈ। ਮਧਮ ਆਦਮੀ=ਜੇਹੜਾ ਪ੍ਰੀਤੀ ਕਰਦਾ ਹੈ ਉਸ ਨਾਲ ਇਹ ਵੀ ਪ੍ਰੀਤੀ ਕਰਦਾ ਹੈ । ਅਧਮ ਆਦਮੀ=ਇਹ ਆਪ ਕਿਸੇ ਨਾਲ ਪ੍ਰੀਤੀ ਨਹੀਂ ਕਰਦਾ ਜੇਹੜਾ ਇਸ ਨਾਲ ਪ੍ਰੀਤੀ ਕਰਦਾ ਹੈ ਇਹ ਉਸ ਨੂੰ ਜਾਣਦਾ ਹੈ ਕਿ ਮੇਰੇ ਨਾਲ ਇਹ ਪ੍ਰੀਤੀ ਕਰਦਾ ਹੈ। ਬਹੁਤ ਨਿਕੰਮਾ ਆਦਮੀ ਇਸ ਦੇ ਨਾਲ ਜੇਹੜਾ ਪ੍ਰੀਤੀ ਕਰਦਾ ਹੈ ਉਸ ਨੂੰ ਇਹ ਦੁਸ਼ਮਣ ਸਮਝਦਾ ਹੈ। ਇਹ ਚਾਰ ਤਰਾਂ ਦੇ ਆਦਮੀ ਹਨ।

੫੧੦. ਪਿਆਰ ਪਾਕੇ ਫਰੇਬ ਖੇਡਣ ਵਾਲਾ। ਦੋ ਆਦਮੀ ਤੁਰੇ ਜਾਂਦੇ ਸਨ। ਇਕ ਆਦਮੀ ਦੂਜੇ ਨੂੰ ਛੱਡ ਕੇ ਰਾਹ ਤੋਂ ਲਾਂਭੇ ਹੋ ਗਿਆ। ਫੇਰ ਆਕੇ ਛਲ ਨਾਲ ਉਸ ਦਾ ਸਭ ਕੁਝ ਚੁਰਾਕੇ ਲੈ ਗਿਆ। (ਇਹ ਇਕ ਬਣੌਟੀ ਬਾਤ ਬਣਾਕੇ ਗੋਪੀਆਂ ਕ੍ਰਿਸ਼ਨ ਉਤੇ ਸੁਣਾਂਦੀਆਂ ਹਨ) ਬਟਟਾ=ਰਾਹ ਮਾਰ ਡਾਕੂ। ਆਵਤ=ਮਾਰਦਾ ਹੈ। ੫੧੨. ਜੇਹੜਾ ਹਾਸ ਗੁਜਰੀਆਂ ਨਾਲ ਕ੍ਰਿਸ਼ਨ ਨੇ ਕੀਤਾ ਹੈ ਉਹ ਹੋਲੀਆਂ ਦੇ ਤੇ ਵਿਆਹਾਂ ਦੇ ਤੇ ਕੁੜਮਾਂ ਦੇ ਮਿਲਾਪ ਨਾਲੋਂ ਵੀ ਬਹੁਤ ਚੰਗਾ ਹੈ। ੫੧੫. ਸਿਰ ਪਾਵ=ਰਸ ਨੂੰ ਸਿਰੋਪਾਓ ਦਿਓ ਭਾਵ ਨਮਸਕਾਰ ਕਰੋ। ੫੧੭. ਸ੍ਵਾਦ ਦੀ ਅੱਗ ਵਿਚ ਸੁੱਕੇ ਹੋਏ ਘਾਹ ਵਾਂਗ ਸੜ ਗਏ ਭਾਵ ਸਾਰੇ ਦੁਖ ਦੂਰ ਹੋ ਗਏ। ਧਰਤੀ ਅਤੇ ਧਰਤੀ ਉਤੇ ਰਹਿਣ ਵਾਲੇ ਸਾਰੇ ਜੀਵ ਖੁਸ਼ੀ ਹੋ ਗਏ। ੫੧੮. ਗਾਮਨ=ਤੁਰਨ ਦੀ ਜਾਚ ਸਿਖੀ ਹੈ। (ਇਹਨਾਂ ਗੁਜਰੀਆਂ) ਸੁਰ=ਦੇਵਤਿਆਂ ਦੀਆਂ ਔਰਤਾਂ ਹਨ। ਜਿਥੋਂ ਕ੍ਰਿਸ਼ਨ ਨੇ ਨੱਚਣਾ ਟੱਪਣਾ ਸਿਖਿਆ ਹੈ ਓਥੋਂ ਹੀ ਇਹ ਗੁਜਰੀਆਂ ਸਿਖ ਗਈਆਂ ਹਨ (ਇਸ ਗਲ ਦਾ ਪਤਾ ਨਹੀਂ ਲਗਦਾ ਹੈ) ਕਿਤੋਂ=ਕਿਥੋਂ ਸਿਖਿਆ ਹੈ।

੫੧੯. ਮਗ=ਰਸਤੇ ਵਿਚ ਜਾਂਦਾ ਵੈਰੀ ਵੀ ਮੋਹਿਆ ਜਾਂਦਾ ਸੀ।

੫੨੧. ਕ੍ਰਿਸ਼ਨ ਦਾ ਗੌਣ ਸੁਣਕੇ ਹਰਨ ਹਰਨੀਆਂ ਬਣ ਨੂੰ ਛਡਕੇ ਆ ਜਾਂਦੀਆਂ ਸੀ। ੫੨੨. ਭਾਵਨ=ਹਾਵ ਭਾਵ, ਭਾਵ ਰਸ ਦੇ ਸ੍ਵਾਦ ਤੇ ਨਖਰੇ। ਮਨ ਭਾਵਨ=ਕ੍ਰਿਸ਼ਨ। ਨੀਕਨਿ=ਸੁੰਦਰ ਥਾਂ।

੫੨੫. ਨਿਛਤ੍ਰ=ਤਾਰੇ ਅੱਖਾਂ ਟੱਡਕੇ। ਸੁਰ=ਦੇਵਤੇ। ਬਧੂ=ਇਸਤ੍ਰੀਆਂ ਦੇਵਤਿਆਂ ਦੀਆਂ। ੫੨੬. ਮਚਿਓ=ਚਮਕਿਆ ਹੈ ਸੋਨੇ ਵਾਂਗ। ਚਚਿਓ=ਖਪ ਗਿਆ। ਕਰੋੜ ਜੁਗ ਗੁਜਰੀਆਂ ਦੇ ਸਰੀਰ ਸੋਨੇ ਵਾਂਗ ਹਨ। ਮਨਾਂ ਵਿਚ ਮਣੀਆਂ ਜੜੀਆਂ ਪਈਆਂ ਹਨ ਭਾਵ ਸਿਆਣਪਾਂ ਸਿਖਿਆ ਆਦਿਕ।

੫੨੭. ਕਲੋਲੈ=ਹਾਸਾ ਨਿਚੋਲੈ=ਨਿਚੋੜਦੀਆਂ ਭਾਵ ਲੈਂਦੀਆਂ।

੫੨੮. ਕਮ=ਘਟ। ਅਭ੍ਰਨ=ਬੱਦਲਾਂ ਵਿਚ ਬਿਜਲੀ ਪ੍ਰਕਾਸ਼ਦੀ ਹੈ।

੫੩੧. ਤਾਰਨ=ਤੌੜੀਆਂ। ਕਿੰਕਨ=ਹਥਾਂ ਦੇ ਛਣਕਣੇ।

੫੩੨. ਦੇਵਤਿਆਂ ਦੀਆਂ ਅਪੱਛਰਾਂ ਨੂੰ ਦੇਵਤਿਆਂ ਨੇ ਪਹਾੜਾਂ ਵਿਚ ਲੁਕਾ ਲਿਆ ਤਾਕਿ ਕ੍ਰਿਸਨ ਮਗਰ ਨ ਦੌੜ ਜਾਣ। ੫੩੩. ਹੁਈਆਂ=ਨਾਲ

Sri Satguru Jagjit Singh Ji eLibrary NamdhariElibrary@gmail.com

ਨਾਲ ਹੋਕੇ ਤੁਰਦੀ ਹੈ। ਅਕੂਈਆਂ=ਚੁਪ ਕਰਕੇ ਤੁਰਦੀ ਹੈ। ਗਿਰ=ਡਿਗ ਪੈਂਦੀ ਹੈ ਧਰਤੀ ਉਤੇ। ੫੩੪. ਰਮੈ=ਅਨੰਦ ਲਵਾਂ ਘਰ ਨੂੰ ਜਾਂਦੇ ਹਨ। ਗਮੈ=ਸ਼ੋਕ ਦੂਰ ਕਰਨ। ਤਮੈ=ਤਿਵੇਂ। ਭਾਵ ਦਿਨ ਦੇ ਪ੍ਰੇਮ ਦੀ ਰਾਤ ਪੈਗਈ ਹੈ, ਭਾਵ ਕ੍ਰਿਸਨ ਜੀ ਨੇ ਉਸੇ ਤਰਾਂ ਗੁਜਰੀਆਂ ਵਲੋਂ ਪ੍ਰੇਮ ਹਟਾਕੇ ਬਿਸਰਾਮ ਕੀਤਾ ਹੈ।

੫੩੫. ਈਕੂੰ ਪ੍ਰੇਮ ਮੁਕਾ ਹੈ ਜੀਕੂੰ ਮੁਣਸੀ ਹਿਸਾਬ ਕਰਕੇ ਲੇਖੇ ਦਾ ਜੋੜ ਕਰ ਦੇਂਦਾ ਹੈ। ੫੪੭. ਵਾਰਨ=ਜੋਬਨ ਵਾਲੀਆਂ ਦੇ ਰੂਪ ਸਮਾਨ ਚੰਦ ਦੀ ਚਾਨਣੀ ਨਹੀਂ ਹੈ। ੫੫੧. ਪਤ੍=ਘਰ ਵਿਚ ਧਰੇ ਹੋਏ ਪਤ੍ਰਾਂ ਨੂੰ ਛਡਕੇ ਤੁਰ ਚਲੀ ਹੈ।੫੫੮. ਭਿਲਵਾ=ਭੁਲਾਵਾ। ੫੬੧. ਅਖੀਆਂ ਫੁੱਲਾਂ ਵਾਂਗ ਹਨ। ਚਖੀਆ=ਸਾਧਾਂ ਦੇ ਮਨ ਨੂੰ ਖਾਣ ਵਾਲੀਆਂ ਹਨ। ੫੬੩. ਹੇ ਰਾਧਾ ਸਿਰ ਦਾ ਲੀੜਾ ਲਾਹ ਸੁੱਟ। ਬੱਦਲਾਂ ਵਿਚੋਂ ਅਧਾ ਚੰਦ ਨਿਕਲਿਆ।

੫੬੫. ਗੋਰੇ ਰੰਗ ਵਾਲੀਆਂ ਕਾਲੀਆਂ ਹੋ ਗਈਆਂ ਹਨ।

੫੬੮. ਸਾਰੀਆਂ ਗੁਜਰੀਆਂ ਕ੍ਰਿਸ਼ਨ ਵਰਗੀਆਂ ਹੀ ਹੋ ਗਈਆਂ ਹਨ।

੫੬੯. ਸਿੰਧ ਰਚੀ=ਲੱਛਮੀ। ਸਚੀ=ਇੰਦ੍ ਦੀ ਵਹੁਟੀ। ਗਚੀ=ਬਣਾਈ ਹੈ। ਮਚੀ=ਬਹੁਤ ਹੀ ਪ੍ਰੀਤੀ ਵਧ ਗਈ ਹੈ। ੫੭੦. ਮਾਂਡ ਬਹੁਤ ਡੰਡੀ ਰੌਲੀ।

੫੭੧. ਸਿੰਧ ਸੁਤਾ=ਰੰਭਾ ਅਪਛਰਾਂ ਜੀਕੂੰ ਇੰਦ੍ ਦੇ ਦਰਬਾਰ ਵਿਚ ਨੱਚਦੀ ਹੈ। ਕਾਛੀ=ਚੰਗੇ ਬਣਾ ਬਣਾ ਕੇ। ੫੮੩. ਪਛੈਰੀ=ਚੁੰਨੀ ਪੀਲੇ ਰੰਗ ਦੀ। ੫੮੪. ਅਰਪੰਚ=ਧਨਖੀ, ਕਮਾਨ। ੫੯੯. ਸੰਦਲ=ਚੰਨਣ ਦਾ ਰੁਖ। ੬੦੫. ਕਾਮ ਦੀ ਇਸਤ੍ਰੀ ਨੇ ਚੰਦ ਨਾਲ ਮਿਲਾਕੇ ਕਾਮ ਨੂੰ ਘੇਰਿਆ ਹੈ। ੬੦੬. ਸਾਸੋ=ਸਸ। ਮਾਸੋ=ਮਾਂ ਨੂੰ। ਜਾਸੋ=ਜਿਸ ਵੱਲ ਵੇਖਦਾ ਹੈ। ੬੦੯. ਭੂਤਲ=ਧਰਤੀ। ਮਾਤਲ=ਮਾਤ ਲੋਕ।

੬੧੪. ਭੀਰਨ=ਡਰੈਣਾ ਰਣ ਭਾਵ ਵੱਡੇ ਰਣ ਵਿਚ ਡਰੈਣ ਵਾਲਾ ਹੈ।

੬੧੮. ਬਿਧਰ=ਵਿਧੀ ਅਨੁਸਾਰ ਭਾਵ ਸੋਹਣੇ ਢੰਗ ਨਾਲ ਮੱਚੀ ਹੈ।

੬੧੯. ਬ੍ਰਹਮਾ ਨੇ ਸਾਰੀ ਦੁਨੀਆਂ ਬਨਾਉਣ ਵਾਸਤੇ ਜਿਤਨੀ ਚੀਜ਼ ਵਸਤੂ ਹਥ ਵਿਚ ਫੜਕੇ ਗੁੱਥੀ ਹੈ। ਸਾਰਿਆਂ ਤੋਂ ਪਹਿਲਾਂ ਸਾਰਸਾਨ ਸੁੰਦਰਤਾ ਨਾਲ ਗੁਜਰੀਆਂ ਬਣਾਈਆਂ ਬਾਕੀ ਜੋ ਕੁਛ ਬਚਿਆ ਤਾਂ ਚੰਦ ਬਣਾਇਆ।

੬੩੧. ਖੋਰ=ਟਿਕਾ, ਨਿਕੀ ਜਿਹੀ ਸਿੱਧੀ ਲੀਕ।

੬੩੬. ਝੂਖੀ=ਝੂਰੀ ਭਾਵ ਦੁਖੀ ਨਹੀਂ ਹੈ। ੬੩੯. ਧਰਖਾ=ਧੜਕਾ ਛਿੜ ਪਿਆ। ਝੂਨਾ=ਭਵਾਂਟਲੀ ਖਾਕੇ ਡਿੱਗਣਾ ਕੰਬਣਾ।

੬੪੦. ਮੂਨਾ=ਚੁਪ ਚਾਪ ਹੀ ਹੁੰਦਾ ਫਿਰ ਵਜਣ ਲਗ ਪਏ ਤੇ ਚੁਪ ਕੀਤੇ ਹੀ ਹਰਨ ਆ ਜਾਂਦੇ ਹਨ। ੬੪੩. ਤਾਤ=ਪਿਤਾ। ਲੀਲੋ=ਸਬੂਤਾ ਖਾ ਲਿਆ। ਹੀਲੋ=ਦੁਖ ਦਰਦ। ੬੪੮. ਢੋਕੇ=ਮਾਸ ਜੇਹੜਾ ਬਾਜ ਦਾ ਖਾਣਾ ਹੈ। ਭਾਵ ਤਾਮੇ ਵਾਸਤੇ ਬਾਜ ਉਡਿਆ ਸੀ ਤੇ ਬੜਾ ਭੁਖਾ ਸੀ ਓਸ ਨੇ ਛੋਟੇ ਜਿਹੇ ਚਨਵੇ ਨੂੰ ਹੜੱਪ ਲਿਆ। ੬੪੯. ਅੰਤਕਾ=ਦੁਖਦਾਈ।

੬੫੩. ਭਾਵ ਕਾਮਦੇਵ ਨੂੰ ਪਿਛੇ ਸੁੱਟਣ ਦਾ ਇਹ ਹੈ ਕਿ ਕਾਮ ਨਾਲੋਂ ਵੀ ਸੁੰਦਰ ਹਨ। ੬੫੪. ਉਹ ਦੇਵੇਂ ਵੈਰੀ ਨੂੰ ਮਾਰਕੇ ਘਰ ਨੂੰ ਤੁਰੇ ਜਾਂਦੇ ਹਨ। ੬੫੭. ਹਾਥੀ ਵਰਗੀ ਤੋਰ ਤੁਰਨ ਵਾਲੀਆਂ ਕਾਮਣੀਆਂ ਸੁੰਦਰ

Sri Satguru Jagjit Singh Ji eLibrary NamdhariElibrary@gmail.com

ਰੂਪ ਹੋ ਰਹੀਆਂ ਹਨ। ੬੬੦. ਮ੍ਰਿਗਹਾ=ਹਰਨ ਨੂੰ ਮਾਰਨ ਵਾਲਾ ਸ਼ਿਕਾਰੀ। ੬੬੨=ਹਾਰ ਮਨਾ ਲੈਂਦਾ ਹੈ, ਸ਼ੇਰ ਦੀ ਭਜਾਕੇ। ਘੋੜੇ ਦਾ ਸੁਆਰ ਹਰਨੀ ਨੂੰ ਦੁੜਾਕੇ ਫੜਦਾ ਹੈ।

੬੬੫. ਤੇਰੇ ਤੋਂ ਬਿਨਾਂ ਇਹਨਾਂ ਕੋਲੋਂ ਕੌਣ ਕੋਈ ਡਰਦਾ ਹੈ। ਭਾਵ ਇਕ ਤੂੰਹੀ ਡਰਦੀ ਹੈ। ੬੬੮. ਲਗਰਾ=ਬਾਜ ਵਰਗਾ ਜਨੌਰ। ਬਗੀ=ਘੁਘੀ ਜਾਂ ਬਗਲੇ ਦੀ ਬਗਲੀ। ਬਿਰਹੀ=ਪ੍ਰੇਮ ਵਾਲਾ। ੬੬੯. ਕਰਵਾ=ਬਾਹਾਂ ਵਿਚ ਘੁੱਟ ਕੇ ਜੱਫੀ ਪਾਈ। ੬੭੨. ਹਰਨੀ ਸ਼ੇਰ ਤੋਂ ਛੁਟਕਾਰਾ ਪਾਕੇ ਹਰਨਾਂ ਵਾਲੇ ਜੰਗਲ ਵਿਚ ਗਈ ਹੈ ਭਾਵ ਜਿਥੇ ਕੋਈ ਸ਼ਿਕਾਰੀ ਜਾਨਵਰ ਨੂੰ ਨਹੀਂ ਮਾਰ ਸਕਦਾ ਹੈ। ੬੮੬.ਬੰਲਿਾਇ ਲਿਉ=ਬਲਹਾਰ ਜਾਂਦੀ ਹਾਂ।

੬੮੭. ਦੁਹਾਈ=ਦੁਖਦੇ ਸਮੇਂ ਇਹ ਸ਼ਬਦ ਵਰਤੀ ਦਾ ਹੈ ਪਰ ਏਥੇ ਸੌਂਹ ਖਾਂਦੀ ਹੈ। ੭੦੪. ਸੋਰੀ=ਟੂਣੇ ਜਾਦੂ ਕਰਨ ਵਾਲਾ।

੭੦੮. ਜੀਕੂੰ ਜੋਗੀ ਸ਼ੇਰ ਦੀ ਖਲ ਮੋਢੇ ਉਤੇ ਰੱਖਕੇ ਤੁਰ ਪੈਂਦਾ ਹੈ।

੭੬੦. ਘਰਖੇ=ਦੂਰ ਹੋ ਗਏ। ੭੬੧. ਇਕ ਸੱਪ ਨੇ ਕ੍ਰਿਸ਼ਨ ਦੇ ਪਿਓ ਨੂੰ ਸਬੂਤਾ ਅੰਦਰ ਲੰਘਾ ਲਿਆ। ੭੭੨. ਰਜਨੀ=ਰਾਤ ਦਿਨੇ ਚਿੰਤਾ ਉਸ ਦੇ ਮਨ ਵਿਚ ਵੱਸਦੀ ਹੈ। ੭੭੩. ਕੁੰਡਲ ਵਾਂਗੂ ਪੀੜਨ ਵਾਲਾ ਇਕ ਪਹਾੜ ਵਰਗਾ ਹਾਥੀ ਹੈ। ੭੭੯. ਕ੍ਰਿਸ਼ਨ ਦਾ ਹੱਥ ਹੀ ਕਾਲ ਹੋਕੇ ਕੇਸੀ ਦੇ ਪ੍ਰਾਣ ਕੱਢਣ ਆਇਆ ਹੈ। ੭੮੮. ਚੁਰਵਾ=ਚੋਰ ਬਣਕੇ ਖਾਣ ਆਇਆ। ੭੯੨. ਬਕਰੇ ਅਤੇ ਦੁਧ ਨਾਲ ਲਿਆ।

੮੧੦. ਮਾਇਲ=ਮੋਹਤ। ਹਰਨਾਂ ਦੀ ਡਾਰ। ਛੇਤੀ ਗਾਸੀ=ਬਾਣ।

੮੧੧. ਕੌਲ ਮੁਖੀ ਇਸਤ੍ਰੀਆਂ ਸੁਨਕੇ ਜਰਾ ਭਾਵ ਮਾੜੀਆਂ ਹੋ ਗਈਆਂ ਕ੍ਰਿਸਨ ਚੰਦ ਤੋਂ ਬਿਨਾਂ। ੮੧੯. ਸਿਰ ਉਤੇ ਜਟਾਂ ਰੱਖਣ ਵਾਲਾ ਸ਼ਿਵਜੀ।

੮੨੦. ਜਦੋਂ ਕ੍ਰਿਸਨ ਨੇ ਕਪੜੇ ਫੜੇ ਤਾਂ ਧੋਬੀ ਨੇ ਗੁਸੇ ਨਾਲ ਕੰਸ ਦਾ ਨਾਮ ਆਖਿਆ। ਇਕ ਉਂਗਲ ਧੋਬੀ ਦੇ ਮੂੰਹ ਤੇ ਮਾਰੀ। ਜੀਕੂੰ ਧੋਬੀ ਕਪੜੇ ਪਟੜੇ ਉਤੇ ਮਾਰਦਾ ਹੈ। ੮੩੭. ਬਨਹਰ ਹਰ=ਕੋਈ ਪਾਣੀ ਵਾਂਗ ਸੀਤਲ ਤੇ ਕੋਈ ਅੱਗ ਵਾਂਗ ਤੱਤਾ ਹੈ। ੮੩੯. ਨਿਘਾਇ=ਨਾਸ ਕੀਤਾ ਹੈ।

੮੪੩. ਤਿਸਟਾਵਹੁ=ਮੇਰੇ ਅਗੇ ਖੜੇ ਕਰੋ। ੮੪੫. ਹਾਥੀ ਦੌੜਕੇ ਕ੍ਰਿਸਨ ਉਤੇ ਇਉਂ ਪਿਆ ਜੀਕੂੰ ਪੁੰਨਾਂ ਤੇ ਪਾਪ ਪੈਂਦਾ ਹੈ।

੮੪੬. ਤਰੇ=ਪੇਟ ਦੇ ਹੇਠਾਂ ਕ੍ਰਿਸਨ ਹੋ ਗਿਆ। ਮਾਰਨ ਵਾਸਤੇ ਦੋ ਜੋਧੇ ਵੈਰੀ ਨਾਲ ਖੇਡਦੇ ਹਨ। ੮੪੭. ਆਗਮ=ਮਥਰਾ ਦੇ ਮਾਲਕ ਨੂੰ ਅਜ ਪਤਾ ਲਗ ਗਿਆ ਹੈ। ੮੫੦. ਥਾਪਰ=ਧੱਪਾ ਮਾਰਕੇ।

੮੫੩. ਬਿਸਰਾਤ=ਜਮਨਾ ਨਦੀ ਦਾ ਘਾਟ। ੮੫੮. ਬਸਦੇਵ ਜੀ ਠਗਰੂਪ ਨੇ ਨੰਦ ਤੋਂ ਕ੍ਰਿਸਨ ਰੂਪ ਧਨ ਲੁਟ ਲਿਆ ਹੈ। ੮੬੩. ਹਹਾ=ਹੈ ਹੈ ਕਰਕੇ ਰੋਂਦੀ ਪਈ ਹੈ। ੮੬੭. ਰਮੈ=ਫਿਰਦੀਆਂ। ਤਮੈ=ਲੋੜ, ਇਛਿਆ।

੮੭੧. ਪਾਟਕ=ਫੁਹਾਰੇ। ਬਿ=ਵਿਚਕਾਰ। ਛਿਟਾਈ=ਛਿਟਾਂ। ਵਾਵਰੋਲਾ।

Sri Satguru Jagjit Singh Ji eLibrary NamdhariElibrary@gmail.com

੯੮੦. ਗਰਗੋ=ਪੰਡਤ ਪੁਰੋਹਤ ਇਕ ਮੁਨੀ ਖਾਸ ਉਪਦੇਸਕ ਹੈ। ਧਰਨੀ ਧਰ=ਧਰਤੀ ਦਾ ਆਸਰਾ। ੯੦੯. ਤਟੰਕ=ਕੰਨਾਂ ਦਾ ਗਹਿਣਾ ਜੋ ਅਜ ਕਲ ਕਾਂਟੇ ਬਣ ਗਏ ਹਨ। ੯੧੨. ਟਸਕਜੋ=ਟਹਿਕਿਆ ਨਹੀਂ ਹੈ ਭਾਵ ਖੁਸ਼ੀ ਨਹੀਂ ਹੋਇਆ ਹੈ ਭਾਵ ਫਟ ਨਹੀਂ ਗਿਆ ਹੈ ਇਸ ਕਸਾਈ=ਮਨ ਨੂੰ ਕਸ ਕਜੋ=ਖਿੱਚ ਨਹੀਂ ਪਈ ਭਾਵ ਇਹ ਪ੍ਰੇਮ ਵੱਸ ਹੋਕੇ ਫੇਰ ਜੀਉਂਦਾ ਕਿਸਤਰਾਂ ਰਿਹਾ ਹੈ। ੯੧੬. ਇਕਰ ਦੇ ਦੁਖਦਾਈ ਐਸੇ ਸਮੇਂ ਵਿਚ ਰਿਦਾ ਸੁੱਕਿਆ ਨਹੀਂ ਅਤੇ ਨਾ ਹੀ ਧਸਕਜੋ=ਨਿੱਘਰ ਗਿਆ ਹੈ ਭਾਵ ਜਮੀਨ ਵਿਚ ਗਰਕ ਨਹੀਂ ਹੋ ਗਿਆ ਹੈ, ਅਤੇ ਸਸਕਜੋ=ਸੁੰਗੜ ਗਿਆ ਹੈ ਭਾਵ ਕੱਠਾ ਹੋਕੇ ਬਹਿ ਗਿਆ ਹੈ। ਟਸਕਜੋ=ਟਹਿਕਿਆ ਨਹੀਂ ਹੈ ਭਾਵ ਪ੍ਰਸੰਨ ਨਹੀਂ ਹੋਇਆ ਹੈ, ਕਿਉਂ ਜੋ ਇਸ ਕਸਾਈ=ਰਿਦੇ ਨੂੰ ਪ੍ਰੇਮ ਦੀ ਖਿੱਚ ਨਹੀਂ ਆਈ ਹੈ।

੯੧੭. ਗਾਢ=ਬਿਪਤਾ ਪਈ ਹੈ ਵਿਛੋੜੇ ਵਾਲੇ ਨੂੰ।

੯੧੮. ਪੁਰ ਭਾਮਨ=ਸ਼ਹਿਰ ਦੀਆਂ ਇਸਤ੍ਰੀਆਂ ਨਾਲ ਉਹ ਲਗਾ ਹੈ।

੯੨੦. ਕੁਆਰ=ਅੱਸੂ ਦਾ ਮਹੀਨਾ। ਬਿਖ ਕਜੋ=ਵਿਚ ਵਿਖ ਪਈ ਹੈ।

੯੨੨. ਬਾਰਜ=ਫੁਲ। ਸਰਤਾਨ=ਨਦੀਆਂ। ਕੁੰਜਤ=ਬੋਲਦੇ। ਸੋਮ=ਸੀਤਲ ਨਹੀਂ ਹੋਇਆ। ਸਕਜੋ=ਸੁੱਕ ਗਿਆ ਹੈ।

੯੩੫. ਬਾਸਨ=ਵੱਸਣ ਵਾਲੀਆਂ (ਇਸਤ੍ਰੀਆਂ, ਬ੍ਰਿਜ ਤੇ ਮਥਰਾ ਵਿਚ)।

੯੪੮. ਕੁੰਚਰੀ=ਸੱਪ ਦੀ ਕੁੰਜ। ੯੭੨. ਅਗਰਜ=ਅਗੋਂ ਪਹਿਲੋਂ ਜੰਮਿਆਂ ਹੋਇਆ ਵੱਡਾ ਪੁਤ। ੯੭੯. ਹਰ ਸਾਇਤ=ਹਰ ਘੜੀ ਭਾਵ ਹਰ ਸਮੇਂ। ੯੮੭. ਈਗਰ=ਲਾਲ ਰੰਗ ਦੇ।

੯੯੦. ਸਹਰਾਏ=ਸੇਵਾ ਕਰਦਾ ਹੈ ਹੱਥ ਵਿਚ ਲੈਕੇ।

੯੯੨. ਬਿੰਦਰੀ=ਬਿੰਦੀ। ਈਂਗਰ=ਲਾਲ ਰੰਗ ਦੀ।

੯੯੮. ਉਸ ਦਿਨ ਜੇਹੜਾ ਇਸ ਲੋਕ ਉਤੇ ਜਸ ਹੋਇਆ ਹੈ ਉਸ ਜਸ ਦੀ ਜੇਹੜੀ ਉਸ ਦਿਨ ਰੋਸ਼ਨੀ ਹੋਈ ਸੀ ਉਸ ਦਿਨ ਦੀ ਰੋਸ਼ਨੀ ਕਰਕੇ ਅਜ ਦੇ ਦਿਨ ਤਕ ਰੋਸ਼ਨੀ ਹੋ ਰਹੀ ਹੈ। ੧੦੦੧ ਸੰਤਾਂ ਦੇ ਦੁਖ ਨੂੰ ਚੁਰਾ ਭਾਵ ਨਾਸ ਕਰ ਦੇਂਦਾ ਹੈ। ੧੦੦੭. ਗਜਾ ਪੁਰ=ਦਿਲੀ ਦਾ ਨਾਮ ਹੈ।

੧੦੧੪. ਕੁੰਤੀ ਨੇ ਸ਼ਕੈਤ ਕੀਤੀ ਹੈ ਕਿ ਅੰਨ੍ਹਾ ਰਾਜਾ ਧ੍ਰਿਤਰਾਸ਼ਟਰ ਸਾਨੂੰ ਬੜਾ ਗੁਸੇ ਹੋ ਹੋ ਕੇ ਪੈਂਦਾ ਹੈ। ੧੦੧੭. ਗਜ ਤੇਰੇ ਪੁਤਰ ਕਰਨਗੇ ਤੇ ਕ੍ਰਿਸ਼ਨ ਤੇਰੇ ਵੈਰੀਆਂ ਨੂੰ ਮਾਰ ਦੇਵੇਗਾ। ੧੦੪੦. ਤੋਖ=ਪ੍ਰਸੰਨ ਕਰੇ ਇਕ ਪਲ ਵਿਚ ਪਲ=ਮਾਸ ਖੁਆਕੇ। ੧੦੪੭. ਦਾਰਕ=ਰਥ ਚਲੌਣ ਵਾਲਾ।

੧੦੫੨. ਬਜਰ ਵੱਜਣ ਨਾਲ ਸੁਮੇਰ ਦੀਆਂ ਚੋਟੀਆਂ ਜ਼ਮੀਨ ਉਤੇ ਡਿੱਗੀਆਂ ਹਨ। ੧੦੫੫. ਮਘਵਾ=ਇੰਦਰ। ਈਂਗਰ=ਲਾਲ ਰੰਗ। ਤੰਗਵਾ=ਘੋੜਿਆਂ ਦੀ ਲੋਥ ਅੰਗਵਾ=ਅੰਗ ਟੁਟ ਪਏ ਹਨ।

੧੦੬੧. ਆਰਨ=ਲਾਲ ਰੰਗ ਦਾ ਨਵਾਂ ਲੋਕ ਬ੍ਰਹਮਾ ਨੇ ਬਣਾਇਆ ਹੈ। ਜੀਕੂੰ ਰੂੰ ਪਿੰਜਣ ਵਾਲਾ ਤਾਰ ਨਾਲ ਰੂੰ ਪਿੰਜਦਾ ਹੈ।

੧੦੮੨. ਬਯੂਹ=ਬਹੁਤ ਸਾਰੇ ਫੁਲ। ਏਸੇ ਤਰਾਂ ਫੌਜ ਮਾਰੀ ਹੈ।

Sri Satguru Jagjit Singh Ji eLibrary NamdhariElibrary@gmail.com

੧੦੮੫. ਬਗਲਿਆਂ ਦੀਆਂ ਡਾਰਾਂ ਉਠ ਨਠੀਆਂ ਹਨ।

੧੦੯੦. ਜੰਜੀਰ ਤੋੜਕੇ ਡਰੌਣੇ ਕਿਲੇ ਵਿਚ ਘੇਰਿਆ ਰਹਿੰਦਾ ਹੈ।

੧੦੯੨. ਸਪ ਦਾ ਬੱਚਾ ਗਰੜ ਨੇ ਸਬੂਤਾ ਲੰਘਾ ਲਿਆ।

੧੦੯੬. ਸੂਰਜ ਦੇ ਡੁਬਦਿਆਂ ਹੀ ਫੇਰ ਦਿਨ ਚੜ ਪਿਆ ਹੈ।

੧੦੯੯. ਕ੍ਰਿਸਨ ਦੀ ਬਾਂਹ ਨੂੰ ਪਾੜਕੇ ਦੂਸਰੇ ਪਾਸੇ ਜਾ ਜੁੜੀ ਤਾਂ।

੧੧੦੫. ਅਲਾਤ=ਅੱਗ ਬੰਨ੍ਹ ਕੇ ਭੁਆਉਣ ਵਾਲੀ ਸੋਟੀ।

੧੧੧੪. ਸੰਘਰ=ਜੰਗ ਦੇ ਬਰਾਬਰ ਹੋਰ ਕੋਈ ਚੰਗਾ ਕੰਮ ਦੁਨੀਆਂ ਵਿਚ ਨਹੀਂ ਹੈ। ਇਸ ਕਾਰਜ ਨਾਲ ਦੋਹਾਂ ਲੋਕਾਂ ਵਿਚ ਜਸ ਪ੍ਰਾਪਤਿ ਹੁੰਦਾ ਹੈ।

੧੧੧੫. ਤਰਕੀ=ਮਨ ਵਿਚ ਤਰਕ ਕੀਤੀ ਹੈ।

੧੧੨੦. ਭਾਗਣ=ਦੌੜ ਜਾਣ ਵਾਲਿਆਂ ਕਾਇਰਾਂ ਨੇ।

੧੧੨੪. ਚੁਟੀਆ=ਬੋਦੀ ਵਾਲਾ ਤਾਰਾ ਅਕਾਸ ਵਿਚ ਜੰਮਦਾ ਹੀ ਜਮ ਦਾ ਰੂਪ ਦਿਸਦਾ ਹੈ। ਪ੍ਰੀਛਤ ਰਾਜੇ ਦੀ ਮੌਤ ਹੈ। ੧੧੨੫. ਕਲੇਵਰ=ਸਰੀਰ ਹਾਥੀ ਦਾ ਪਹਾੜ ਤੋਂ ਡਿੱਗਾ। ੧੧੨੬ ਹਵਾ ਖਾਣ ਵਾਲਿਆਂ ਲੱਖਾਂ ਹੀ ਸੱਪਾਂ ਨੂੰ ਤੱਛਕ=ਵੱਡਾ ਸਪ ਬਲਭੱਦ ਰੂਪ ਬਲੀ ਰਾਜਾ ਦੀ ਸ਼ਰਨ ਆਇਆ ਹੈ।

੧੧੪੫. ਪ੍ਰਤਨਾ=ਫੌਜ। ਅਗਨ ਸਤ੍=ਬੰਦੂਕਾਂ। ਤੁਸਾ=ਤੁਹ, ਕੁਸਾ=ਦੱਭ।

੧੧੫੩. ਡਢਕੈ=ਸਾੜ ਕੇ। ੧੨੨੦. ਹਾਥੀ ਤਾਲੀ ਵਿਚ ਪੈਰਾਂ ਨਾਲ ਕੰਮੀਆਂ ਨੂੰ ਮਲਨ ਆਇਆ ਹੈ। ੧੨੨੬. ਸਰਮਾਨੋ=ਸ਼ਰਮਿੰਦਾ ਹੋਇਆ ਸੂਰਜ। ੧੨੩੬. ਹੇ ਕਰਤਾ ਹਰਤਾ ਸਾਡੇ ਪਾਲਣਹਾਰ ਤੁਹਾਡੇ ਮਨ ਵਿਚ ਕੀ ਆਉਂਦਾ ਹੈ। ਭਾਵ ਤੁਸੀਂ ਉਦਮ ਨਹੀਂ ਕਰਦੇ।

੧੩੭੦. ਸਮਰ=ਜੰਗ ਰੂਪ ਸਮੁੰਦ੍ ਭਰ ਗਿਆ ਸੀ। ੧੩੮੫. ਨਵਲਾਂ=ਫੁੱਲਾਂ ਦੀਆਂ ਸੋਟੀਆਂ। ੧੩੯੬. ਅਯੁਤ=ਦਸ ਹਜਾਰ ਪੈਦਲ ਮਾਰਿਆ। ।

੧੪੮੩. ਬਾਰ ਰਾਜ=ਪਾਣੀ ਦਾ ਰਾਜਾ ਵਰਨ ਦੇਵਤਾ।

੧੪੯੧. ਨਲ ਕੂਬਰ=ਇਹ ਕੁਬੇਰ ਦੇਵਤਾ ਦੇ ਪੁਤ੍ ਹਨ।

ਹੋਲਹੁ=ਤੀਰ ਮਾਰਕੇ ਨਿੱਕਾ ਕਰ ਦਿਆਂਗੇ।

੧੫੨੩. ਸ਼ਿਵਜੀ ਦਾ ਬੁਰਾ ਹਾਲ ਹੋਇਆ, ਸਿਰਾਂ ਦੀ ਮਾਲਾ, ਬੈਲਦ ਤੇ ਤ੍ਰਿਸੂਲ ਡਿੱਗ ਪਿਆ। ਨਿੱਕੇ ੨ ਦੋ ਮੁੰਡੇ ਬੜਾ ਲੜੇ ਹਨ, ਪਹਿਲੇ ਛੋਟਿਆਂ ਹੁੰਦਿਆਂ ਜਿਨਾਂ ਨੇ ਜਮ ਨੂੰ ਵੀ ਖਲੌਣਾ ਜਾਣਕੇ ਕਾਬੂ ਕਰ ਲਿਆ ਸੀ

੧੫੨੮. ਸੰਗਿਆ=ਹੋਸ਼ ਕੀਤੀ। ੧੫੨੬. ਖੜਗ ਸਿੰਘ ਨੇ ਕ੍ਰਿਸ਼ਨ ਨੂੰ ਕੇਸਾਂ ਤੋਂ ਫੜ ਲਿਆ ਹੈ। ੧੫੩੨. ਕੰਸ ਦਾ ਬਦਲਾ ਭੂਪ ਨੇ ਲੈ ਲਿਆ ਹੈ ਜੋ ਕ੍ਰਿਸ਼ਨ ਨੂੰ ਕੇਸਾਂ ਤੋਂ ਫੜਿਆ ਹੈ।

੧੫੩੩. ਰਾਜੇ ਨੇ ਕ੍ਰਿਸ਼ਨ ਨੂੰ ਛੱਡ ਦਿਤਾ ਹੈ।

੧੫੩੫. ਬ੍ਰਹਮਾ ਨੇ ਕ੍ਰਿਸ਼ਨ ਦਾ ਸਾਰਾ ਦੁਖ ਦੂਰ ਕੀਤਾ।

੧੫੪੪. ਵਿਸ਼ਈਆਂ ਆਦਮੀਆਂ ਨੂੰ ਵਸ ਕਰਨ ਦੀ ਕੀ ਗੱਲ ਹੈ ਇਹ ਤ ਜੋਗੀਆਂ ਦਾ ਮਨ ਵੀ ਮੋਹਿਆ ਜਾਂਦਾ ਹੈ। ੧੫੫੦. ਤੇਤਾ=ਇਕ ਸਰੀਰਕ ਰੱਖਿਆ ਦਾ ਤਵੀਤ ਹੈ। ੧੫੫੬. ਗੌਰਾ=ਪਾਰਬਤੀ ਨੇ ਜੇਹੜਾ ਤਵੀਤ ਦਿਤਾ ਹੈ।

Sri Satguru Jagjit Singh Ji eLibrary NamdhariElibrary@gmail.com

੧੫੫੯. ਬਸ=ਜ਼ਮੀਨ ਦੇਣ ਲਗਿਆਂ ਤੇ ਮਾਸ=ਧਨ ਜਾਂ ਪ੍ਰਾਣ ਦੇਣ ਲਗਿਆਂ ਵੀ ਰਸਨਾ ਦੇ ਪੂਰੇ ਪ੍ਰਣ ਤੋਂ ਨਹੀਂ ਹਾਰਦੇ ਹਨ।

੧੬੧੧. ਇਖਧੀ=ਤੀਰਾਂ ਦੇ ਪੌਣ ਵਾਲਾ ਭੱਥਾ। ੧੬੧੪. ਨਿਕੰਮੇ ਨਿਕੰਮੇ ਸੂਰਮੇ ਬਚ ਰਹੇ। ੧੬੨੮. ਚਲੋ ਜੇ ਭੀਖਮ ਜੰਗ ਤੋਂ ਨਹੀਂ ਦੌੜਦਾ ਹੈ ਤਾਂ ਇਸ ਦਾ ਰਥਵਾਹੀ ਹੀ ਮਾਰ ਘਤੋ। ੧੬੩੨. ਅਨੈ=ਤਿੱਖੇ ਬੋਲਾਂ ਨੂੰ ਸਹਾਰਾਂ। ੧੬੪੬. ਸੁਰਮਾ ਪਾਣ ਵਾਲੀਆਂ ਗੁਜਰੀਆਂ ਨੂੰ ਦੁਖ ਨ ਦੇਹ ਭਾਵ ਤੂੰ ਮਰ ਜਾਵੇਂਗਾ ਉਹ ਰੋਣਗੀਆਂ। ੧੬੪੯. ਜੇਹੜਾ ਹਥਿਆਰਾਂ ਦਾ ਖੜਾਕ ਹੁੰਦਾ ਹੈ ਏਹੋ ਹੀ ਵੇਦਾਂ ਦੀ ਅਵਾਜ ਹੈ ਜੋ ਅਰਜਨ ਰੂਪ ਪੰਡਤ ਨੇ ਧੁਨੀ ਕੀਤੀ ਹੈ ਭਾਵ ਵੇਦ ਪੜ੍ਹ ਹਨ। ੧੬੬੧. ਰਨ ਧਾਨੀ=ਜੰਗ ਦੀ ਥਾਂ। ਅਰਿ=ਅੜ ਕੇ ਵੈਰੀ ਨੂੰ ਮਾਰਾਂਗਾ। ੧੭੦੧. ਪ੍ਰਾਣ ਸੁਰਗ ਨੂੰ ਗਏ ਤੇ ਸਿਰ ਰਾਜੇ ਦਾ ਕ੍ਰਿਸਨ ਦੀ ਛਾਤੀ ਨੂੰ ਜਾ ਵੱਜਾ।

੧੭੩੦. ਸੰਕਰਖਨ=ਕ੍ਰਿਸਨ ਦਾ ਭਰਾ ਬਲਭੱਦ੍ਰ। ਇਕ ਜਾਦਵ ਹੀ ਬੇ ਅਕਲ ਹਨ। ੧੭੭੧. ਕਰੇਰੇ=ਕਰੜੇ ਲੋਹੇ ਨੂੰ ਫੜਕੇ ਸਵਾਰਦਾ ਹੈ ਕਿ ਕਿਸੇ ਕੰਮ ਆਵੇਗਾ। ੧੭੭੩. ਮਧਿਆਨ=ਅਕਾਸ ਦੇ ਅੱਧ ਵਿਚੋਂ। ਰਾਤ ਦੇ ਵੱਸਣ ਲਈ। ਪੰਛੀ ਛੇਤੀ ਆਏ। ੧੭੭੬. ਕੁਲਾਚਨ=ਛਾਲਾਂ ਮਾਰ ਮਾਰਕੇ। ੧੭੮੦. ਕ੍ਰਿਸਨ ਦੇ ਤੀਰਾਂ ਤੇ ਚੱਕਰਾਂ ਦੇ ਛੁੱਟਣ ਨਾਲ ਹੀ ਉਹ ਸਾਰੇ ਹੈਰਾਨ ਹੋਕੇ ਰਥਾਂ ਦੇ ਪਹੀਆਂ ਨੂੰ ਭੁਆਉਣ ਲਗ ਪਏ, ਭਾਵ ਰਥ ਪਿਛਾਂਹ ਨੂੰ ਮੋੜ ਲਏ ਹਨ ਡਰ ਕਰਕੇ। ੧੭੮੧. ਜੇਹੜੇ ਮੁਨੀ ਨੇ ਘੋੜਿਆਂ ਦੇ ਖੰਭ ਵੱਢੇ ਹਨ ਓਨਾਂ ਖੰਭਾਂ ਨੂੰ ਮੁੜ ਨਵੇਂ ਕ੍ਰਿਸਨ ਬਣਾਂਦਾ ਹੈ।

੧੮੧੬. ਕਾਰੀ=ਚਿੱਕੜ ਦੇ ਖੋਭੇ ਵਿਚ। ੧੮੩੨. ਸੂਰਮੇ ਰੂਪ ਟਿਡੀਆਂ ਦਾ ਅਕੱਠ ਕਣਕ ਦੇ ਖੇਤ ਨੂੰ ਖਾਣ ਆਇਆ।

੧੮੩੫. ਹਰੋਲ=ਹੱਲਾ ਭਾਵ ਇਕੋ ਭਾਰੀ ਜੋਰ ਨਾਲ ਛਾਪਾ ਮਾਰਨਾ।

੧੮੩੭. ਸੇਹ=ਸੇਹ ਦੇ ਪਿੰਡੇ ਉਤੇ ਤੁੱਕਲੇ ਹਨ, ਈਕੂੰ ਤੀਰ ਖੁਭੇ ਪਏ ਹਨ। ੧੮੪੫. ਤਨ ਕੋ=ਸਰੀਰ ਨੂੰ ਤੀਲੇ ਬਰਾਬਰ ਵੀ ਛੁਹਿ ਨਹੀਂ ਸਕੇ। ੧੮੪੯. ਨਟ=ਜਿਸਤਰਾਂ ਖਲਾਰੀ ਭੌਂ ਕੇ ਆਉਂਦਾ ਹੈ। ਸਾਲ=ਥਾਂ ਵਿਚ ਜਾਂ ਸਰੀਰ ਥਾਂ ਵਿਚ ਤੀਰ ਵੱਜਾ। ੧੮੫੦. ਕਬਿ=ਕਦੋਂ ਦੌੜਿਆ ਹੈ, ਕਿਸੇ ਨੇ ਨਹੀਂ ਵੇਖਿਆ ਹੈ ਇਕ ਜਰਾਸਿੰਧ ਨੇ ਵੇਖਿਆ ਹੈ।

੧੮੫੭, ਖਟਕੇ=ਜੁੜੇ ਪਏ ਹਨ ਅੜ ਕੇ। ਪਟਕੈ=ਪਟਕਾ ਕਰਕੇ ਮਾਰਦੇ ਹਨ। ਚਟਕੈ=ਖੜਾਕ ਕਰਕੇ। ੧੮੬੫ ਕ੍ਰਿਸਨ ਫਿਰ ਆਪਣਾ ਰਥ ਆਪੇ ਹੀ ਹਿੱਕਣ ਲੱਗਾ।

੧੮੮੦. ਬਲਭੱਦ੍ਰ ਨੂੰ ਜਮ ਰੂਪ ਦੇਖਕੇ ਜਰਾਸਿੰਧ ਕ੍ਰਿਸਨ ਦੇ ਤਰਲੇ ਕਰਨ ਲੱਗਾ।

Sri Satguru Jagjit Singh Ji eLibrary NamdhariElibrary@gmail.com

੧੯੯੪. ਸ੍ਰੀ ਮਾਨ ਮਹੰਤ ਭਗਤ ਸਿੰਘ ਜੀ ਬੁੰਗਾ ਮਦਰੱਸਾ ਸਾਬੋ ਕੀ ਤਲਵੰਡੀ ਗੁਰਦੁਆਰਾ ਸ੍ਰੀ ਦਮਦਮਾ (ਪਿੰਡ ਬਾਠੀ ਜਿਲਾ ਅੰਮ੍ਰਿਤਸਰ ਤਸੀਲ ਅਜਨਾਲਾ ਦੇ) ਨਿਵਾਸੀ ਆਪਨੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਲਿਖਤੀ ਪ੍ਰਯਾਵਾਂ ਵਿਚ ਕਚ ਦੀ ਕਥਾ ਇਸ ਤਰਾਂ ਲਿਖਦੇ ਹਨ। ਕਚ ਦੇ ਵਾਸਤੇ ਭ੍ਰਿਗੁਦਾ ਨੰਦ ਸੁੱਕਰ ਤਿਸ ਨੇ ਨਿੰਦਿਆ ਕੀਤੀ ਹੈ ਸ਼ਰਾਬ ਦੀ, ਕਚ ਬ੍ਰਹਸਪਤਿ ਦਾ ਪੁਤ੍ਰ ਸੀ, ਸੁੱਕਰ ਪਾਸ ਸੰਜੀਵਣੀ ਵਿਦਿਆ ਪੜ੍ਹਨ ਗਿਆ ਸੀ, ਦੇਵਜਾਨੀ ਸੁੱਕਰ ਦੀ ਧੀ ਸੀ, ਕਚ ਉਪਰ ਮੋਹਤ ਹੋ ਰਹੀ ਸੀ, ਕੱਚ ਦੀ ਸ਼ਰਾਬ ਕੱਢ ਕੇ ਰਾਕਸ਼ਾਂ ਨੇ ਸੁੱਕਰ ਨੂੰ ਪਿਲਾ ਦਿਤੀ, ਕੱਚ ਨੂੰ ਢਿਡ ਦੇ ਵਿਚ ਹੀ ਸੰਜੀਵਣੀ ਵਿਦਿਆ ਪੜ੍ਹਾਕੇ ਆਪਣਾ ਢਿਡ ਪਾੜ ਕੇ ਕੱਚ ਨੂੰ ਕਢਿਆ, ਉਸ ਨੇ ਸੁੱਕਰ ਨੂੰ ਸੁਰਜੀਤ ਕੀਤਾ।

੧੯੧੭. ਦਰਾਯਦ=ਜੰਗ ਵਿਚ ਆਇਆ। ਸ਼ਾਹਮ=ਮੈਂ ਮਾਲਕ ਹਾਂ। ਬਾਮਨ=ਮੇਰੇ ਨਾਲ। ਬੁਗੋ=ਕਹਿੰਦਾ ਹੈ। ਕੁਨ=ਕਰ। ਬਯਾ=ਅਗੇ ਆ। ਵਾਹਮ=ਭਰਮ ਨ ਕਰ। ਰੋਜ=ਦਿਨ ਸੂਰਜ। ਮਜਾ=ਵਿਚਕਾਰ। ਅਫਤਾਬ=ਪ੍ਰਕਾਸ਼ ਕਰਦਾ ਹੈ। ਸ਼ਬ=ਰਾਤ ਦਾ ਸ਼ਾਹਮ=ਪਾਤਸ਼ਾਹ ਹੈ। ਭਾਵ ਚੰਦ ਹੈ। ਗੁਰੇਜ਼ੀ=ਮੁੜ ਜਾਣਾ। ਮੁਨਨ=ਨ ਕਰ। ਬਿਆ=ਆ। ਖੁਸ=ਪ੍ਰਸੰਨਤਾ ਨਾਲ। ਮਾਤ=ਮੁਕਾ ਦੇਈਏ। ਗੋਜ=ਜੰਗ ਦੀ ਖੇਡ।

੧੯੩੧. ਇਹ ਦੂਰਮੇ ਨਹੀਂ ਸਾਰੇ ਬਾਂਦਰ ਹਨ।

੧੯੩੭. ਮਸਕਜੇ=ਪੈਰਾਂ ਨਾਲ ਦਲ ਮਲ ਘੱਤਿਆ। ਸਕਜੇ=ਸਹਾਰ ਨ ਸੱਕਿਆ। ਧਸਕਜੇ=ਨਿੱਘਰ ਗਿਆ, ਖੁਭ ਗਿਆ ਭਾਵ ਹੇਠਾਂ ਨੂੰ ਧਸ ਗਿਆ। ਕਸਕਜੇ=ਖਿੱਚ ਭਾਵ ਕੰਬਿਆ ਨਹੀਂ ਹੈ। ੧੯੭੬. ਆਤਮੇ=ਮਨ ਭਾਵ ਤੇਰੇ ਤੋਂ ਬਿਨਾਂ ਜਿਤਨੇ ਜੀਆਂ ਦੇ ਮਹਾਤਮਾਂ ਹਨ ਸਾਰਿਆਂ ਵਿਚ ਕਾਮ, ਗੁੱਸਾ, ਹੰਕਾਰ ਵਧਿਆ ਹੋਇਆ ਹੈ ਏਹਨਾਂ ਤਿੰਨਾਂ ਵਿਚ ਹੀ ਸਾਰੇ ਰੁੜ੍ਹੇ ਜਾਂਦੇ ਹਨ।

੧੯੯੯. ਸਟਕਜੇ=ਸੁਰਗ ਨੂੰ ਗਿਆ।ਸਟਕਜੇ=ਪੂਰਿਆ ਜਾਂ ਲਾਇਆ ਹੈ।

੨੦੦੨. ਸਿਖਾ=ਵਾਲਾਂ ਤੋਂ ਜੂੜੇ ਤੋਂ। ੨੦੪੮. ਅਸਰਾਰ=ਦੇਵਤੇ।

੨੦੫੦. ਦ੍ਵਾਦਸ=ਬਾਰਾਂ ਦਿਨ ਜੰਗ ਕੀਤਾ।

੨੧੨੪. ਕਮੋਦਕੀ=ਗਦਾ ਦਾ ਨਾਮ ਹੈ। ੨੧੨੮. ਅਗਨੀ=ਗਿਣਤੀ ਤੋਂ ਬਿਨਾਂ, ਬਿਅੰਤ। ੨੧੩੧. ਸੂਰਮਿਆਂ ਦਾ ਅੰਡਾ ਰੌਲਾ ਹੈ ਕਿ ਜਮ ਦੇ ਘਰ ਵਾਜੇ ਵੱਜਦੇ ਹਨ। ੨੨੩੪. ਬਦਰਾ=ਮਾਲ ਦਾ ਭਰਿਆ ਥੈਲਾ ਹਵਾ ਦਾ ਮਾਰਿਆ ਰੁੜਿਆ ਜਾਂਦਾ ਹੈ। ੨੨੯੯. ਅਸਲੀ ਕ੍ਰਿਸ਼ਨ ਤੇ ਨਕਲੀ ਕ੍ਰਿਸ਼ਨ ਦੋਵੇਂ ਲੜਦੇ ਹਨ। ੨੩੪੨. ਮਾਨੋ ਸੂਰਜ ਨੂੰ ਮਾਰਕੇ ਅਕਾਸ਼ ਤੋਂ ਹੇਠਾਂ ਸੁੱਟ ਘੱਤਿਆ ਹੈ।

੨੩੫੨. ਹੁਣ ਬ੍ਰਾਹਮਣਾਂ ਦੇ ਪੈਰ ਧੋਂਦਾ ਹੈ। ੨੩੬੭. ਬਜ੍ਰਨ=ਹੀਰਿਆਂ ਦਾ ਨਾਮ ਹੈ। ੨੩੭੮. ਭਠ ਝੋਕਣ ਵਾਲੇ ਆਪਣੀ ਉਸਤਤੀ ਕਰਦੇ ਹਨ ਸੂਰਮੇ ਨਹੀਂ ਆਪਣੀ ਕਰਦੇ। ੨੩੯੫. ਗਾਗਨੋ=ਗਾਨਾ।

Sri Satguru Jagjit Singh Ji eLibrary NamdhariElibrary@gmail.com

੨੪੦੯. ਗਰੋਹ=ਕੱਠੇ ਰਲਕੇ ਮਿਲਕੇ ਪੜ੍ਹਦੇ ਸੀ।

੨੪੨੨. ਜੋਵਤ=ਵੇਖਕੇ। ੨੪੮੦. ਕਬੱਡੀ= ਕੌਡੀ ੨ ਖੇਡ ਦਾ ਨਾਮ ਹੈ। ੨੪੮੫. ਇਕ ਪ੍ਰੇਮ ਨਹੀਂ ਕੀਤਾ ਹੋਰ ਅੱਗੇ ਲਿਖੇ ਅਨੇਕਾਂ ਔਖੇ ਔਖੇ ਕੰਮ ਕੀਤੇ ਹਨ ਅਤੇ ਸਰੀਰ ਉੱਤੇ ਬੜਾ ਦੁਖ ਸਹਾਰਿਆ ਹੈ। ਕੀ ਦਾਨ ਦੇਣ ਨਾਲ ਹੀ ਪ੍ਰੇਮੇਸਰ ਵੱਸ ਹੋ ਗਿਆ ਹੈ।

੨੪੮੭. ਨਾਚ ਤੇ ਕੀਤਾ ਹੈ,ਪਰ ਮਨ ਪ੍ਰੇਮੇਸਰ ਵਿਚ ਖੱਚਤ=ਲੱਗਾ ਨਹੀਂ ਹੈ। ਪੈਂਡ=ਰਸਤਾ ਨਹੀਂ ਲੱਭਾ। ਅਲੋਕ=ਪ੍ਰਲੋਕ ਦਾ ਜਾਂ ਸੁੰਦਰ ਹਰੀ ਦੇ ਲੋਕ ਦਾ ਰਸਤਾ ਉਸ ਨੇ ਆਪਣੇ ਆਪ ਨੂੰ ਜਗਤ ਵਿਚ ਹਾਸਾ ਕਰਾਇਆ ਹੈ। ਉਸ ਨੇ ਤਾਂ ਸੁਪਨੇ ਮਾਤ੍ਰ ਵੀ ਗਿਆਨ ਦਾ ਤੱਤ ਨਹੀਂ ਲੱਭਾ ਹੈ।

੨੪੮੯. ਇਸ ਸਵੱਯੇ ਦਾ ਅਰਥ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ ਗਿਆਨੀ ਬਿਸ਼ਨ ਸਿੰਘ ਖਾਲਸਾ ਕਾਲਜ ਵਾਲੀ ਸਤਵੀਂ ਪੋਥੀ ਤੋਂ ਵੇਖੋ।

੨੪੯੨. ਬਢਨੀ=ਬੁਹਾਰੀ। ਕਾਤਰਤਾ=ਕਾਇਰਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ

ਅੱਠਾਂ ਪੋਥੀਆਂ ਵਿੱਚ.....ਮੋਖ ੪੦) ਰੁਪੈ

ਏਹੋ ਇਕ ਪੰਜਾਬੀ ਬੋਲੀ ਵਿਚ ਮਹਾਰਾਜ ਦੀ ਬਾਣੀ ਦਾ ਟੀਕਾ ਹੋਇਆ ਹੈ, ਜਿਸ ਦੀ ਵਡਿਆਈ ਵਰਤਮਾਨ ਦੇ ਸਮੇਂ ਦੇ ਸਾਰੇ ਵਿਦਵਾਨਾਂ ਨੇ ਕੀਤੀ ਹੈ। ਇਹ ਗੱਲ ਸਭਨਾਂ ਨੇ ਮੰਨੀ ਹੈ ਕਿ ਅਰਥਾਂ ਤੋਂ ਬਿਨਾਂ ਗੁਰਬਾਣੀ ਦਾ ਸੁਧ ਪਾਠ ਕਰਨਾ ਬੜਾ ਔਖਾ ਹੈ, ਇਸ ਲਈ ਗੁਰਬਾਣੀ ਦੇ ਅਰਥ ਸਿੱਖਣ ਵਾਸਤੇ ਇਹ ਟੀਕਾ ਬਹੁਤ ਲਾਭਦਾਇਕ ਹੈ।

ਗਿਆਨੀ ਬਿਸ਼ਨ ਸਿੰਘ

ਖਾਲਸਾ ਕਾਲਜ ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ

ਮੋਖ ੩੦) ਛਿਆਂ ਪੋਥੀਆਂ ਦਾ

ਪਹਿਲੀ ਪੋਥੀ ਜਾਪ ਸਾਹਿਬ ਤੋਂ ਬਚਿੱਤ੍ਰ ਨਾਟਕ ਤਕ।

ਦੂਜੀ ਪੋਥੀ--ਦੋਵੇਂ ਚੰਡੀ ਚਰਿੱਤ੍ਰ, ਵਾਰ ਭਗੌਤੀ, ਗਿਆਨ ਪ੍ਰਬੋਧ ਸ੍ਰੀ ਰਾਮ ਅਵਤਾਰ ਤਕ।

ਤੀਜੀ ਪੋਥੀ, ਸ੍ਰੀ ਕ੍ਰਿਸ਼ਨਾ ਅਵਤਾਰ, ਨਰ, ਬੋਧ, ਕਲਗੀ ਅਵਤਾਰ, ਬ੍ਰਹਮ, ਰੁਦ੍ਰ ਪਾਰਸ ਨਾਥ, ਸ਼ਬਦ ਹਜ਼ਾਰੇ, ਤੇਤੀ ਸਵੱਯੇ, ਖਾਲਸੇ ਦੀ ਮਹਿਮਾ ਦੇ ਸਵੱਯੇ, ਸ਼ਸਤ੍ਰ ਨਾਮ ਮਾਲਾ ਦੀਆਂ ਦ੍ਰਿਸ਼ਟ ਕੂੰਟਾਂ ਦੇ ਖੋਜ ਭਰੇ ਅਰਥ।

ਚੌਥੀ ਪੰਜਵੀਂ ਪੋਥੀ, ਇਹਨਾਂ ਦੋਹਾਂ ਪੋਥੀਆਂ ਵਿਚ ੪੦੪ ਤ੍ਰੀਆ ਚਰਿੱਤ੍ਰਾਂ ਦਾ ਮੂਲ ਪਾਠ ਹੈ ਅਰ ਨਾਲ ਜ਼ਫਰਨਾਮਾ ਹੈ ਜੋ ਸ੍ਰੀ ਹਜ਼ੂਰ ਕਲਗੀਧਰ ਜੀਨੇ ਔਰੰਗਜ਼ੇਬ ਬਾਦਸ਼ਾਹਨੂੰ ਲਿਖਿਆਸੀ।

ਛੇਵੀਂ ਪੋਥੀ--ਸਾਰੇ ਤ੍ਰੀਆਂ ਚਰਿੱਤ੍ਰਾਂ ਦਾ ਟੀਕਾ।

ਸੱਤਵੀਂ ਪੋਥੀ--ਸ੍ਰੀ ਦਸਮੇਸ ਬਾਣੀ ਹੈ। ਇਹ ਇਕ ਵੱਖਰੀ ਪੋਥੀ ਹੈ।

ਭਾਵੇਂ ਇਸ ਮਹਾਨ ਗ੍ਰੰਥ ਸਾਹਿਬ ਉਤੇ ਸਾਡੀ ਕਈਆਂ ਸਾਲਾਂ ਦੀ ਮਿਹਨਤ ਹੋਈ ਹੈ, ਅਰ ਇਸਦੀ ਛਪਾਈ ਉਤੇ ਬੜਾ ਰੁਪਯਾ ਖਰਚ ਹੋਇਆ ਹੈ ਫਿਰ ਵੀ ਇਸਦਾ ਮੋਖ ੩੦) ਰੁਪੈ ਰਖਿਆ ਹੈ।

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ ਦੇ ਮਿਲਣ ਦਾ ਪਤਾ:-

ਗਿਆਨੀ ਬਿਸ਼ਨ ਸਿੰਘ

ਖਾਲਸਾ ਕਾਲਜ ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

ਤਤਕਰਾ

ਸ੍ਰੀ ਕ੍ਰਿਸ਼ਨ ਜੀ ਦਾ ਜਮਨ	੧	ਭ੍ਰਿਗਲਤਾ ਦੀ ਕਥਾ	੨੫੧
ਪੂਤਨਾਂ ਨੂੰ ਮਾਰਨਾ	੮	ਕਲਗੀ ਅਵਤਾਰ	੨੫੬
ਰਾਧਕਾਂ ਮਿਲਾਪ	੫੮	ਬ੍ਰਹਮ ਅਵਤਾਰ	੨੬੬
ਸੁਦਰਸਨ ਬ੍ਰਾਹਮਣ ਨੂੰ ਤਾਰਨਾ	੮੩	ਪ੍ਰਿਥ ਰਾਜ	੩੦੫
ਕੁਬਜਾ ਨੂੰ ਤਾਰਨਾ	੯੦	ਮਾਨ ਧਾਤਾ	੩੦੯
ਕੰਸ ਨੂੰ ਮਾਰਨਾ	੯੩	ਦਲੀਪ ਰਾਜਾ	੩੧੦
ਸੰਦੀਪਨ ਦੀ ਕਥਾ	੯੭	ਅਜ ਰਾਜਾ	੩੧੪
ਬਾਰਾਂਮਾਹ	੧੦੨	ਰੁਦ੍ ਅਵਤਾਰ	੩੨੩
ਉਗ੍ਰਸੈਨ ਨੂੰ ਰਾਜ	੧੧੩	ਅਕਾਸ਼ ਬਾਣੀ	੩੩੧
ਖੜਗ ਸਿੰਘ ਜੁੱਧ	੧੪੭	੨੪ ਗੁਰੂ ਕਥਾ	੩੬੧
ਖੜਗ ਸਿੰਘ ਦਾ ਮਰਨਾ	੧੭੮	ਸੁਭ ਉਪਦੇਸ਼	੩੬੪
ਜਰਾਸਿੰਧ ਨੂੰ ਛੱਡਣਾ	੧੯੬	ਭੇਖੀਆਂ ਦਾ ਪੋਲ	੩੮੧
ਹੋਰਵਿ ਬੇਨਤੀ ਹੈ	੧੯੬	ਮਛੰਦ੍ ਦਾ ਉਪਦੇਸ਼ ਪਾਰਸ ਨਾਥ ਨੂੰ	੩੯੨
ਕਾਲ ਜਮਨ ਦਾ ਮਰਨਾ	੧੯੮	ਰੇ ਮਨ ਐਸੋ ਕਰ ਸੰਨਿਆਸਾ	੪੧੩
ਸੁਭ ਉਪਦੇਸ	੨੦੦	ਤੇਤੀ ਸਵੈਯੇ	੪੧੭
ਕਲਪ ਬ੍ਰਿਛ ਦੀ ਕਥਾ	੨੨੧	ਖਾਲਸੇ ਦੀ ਮਹਿਮਾ	੪੨੩
ਜਰਾ ਸਿੰਧ ਦਾ ਮਰਨਾ	੨੩੮	ਸ਼ਸਤ੍ ਨਾਮ ਮਾਲਾ*	੪੨੪
ਸਸਪਾਲ ਦਾ ਮਰਨਾ	੨੪੦		

*ਸ਼ਸਤ੍ ਨਾਮ ਮਾਲਾ ਦੇ ਪਾਠਕਾਂ ਪ੍ਰਤੀ ਜਰੂਰੀ ਬੇਨਤੀ ਹੈ ਕਿ ਮੈਂ ਇਸ ਪੁਰਾਣ ਦਾ ਟੀਕਾ ਇਕ ਪੁਰਾਣੀ ਲਿਖਤ ਤੋਂ ਕੀਤਾ ਹੈ ਅਰ ਛਪਾਈ ਦੇ ਸਮੇਂ ਇਕ ਛਾਪੇ ਦੀ ਬੀੜ ਮੈਨੂੰ ਮਿਲੀ ਸੀ ਜੋ ਮੈਂ ਪ੍ਰੈਸ ਵਿਚ ਦਿਤੀ ਸੀ ਇਸਦੀ ਅਰ ਉਸ ਪੁਰਾਣੀ ਬੀੜ ਦੇ ਅੰਕਾਂ ਵਿਚ ਫਰਕ ਸੀ ਸੋ ਮੇਰੇ ਫੁਟ ਨੋਟਾਂ ਦੇ ਅਰਥ ਅਗੇ ਦੋ ਦੋ ਅੰਕ ਛਪ ਗਏ ਹਨ, ਗੁਣੀ ਜਨ ਜੇਹੜਾ ਅੰਕ ਫੁਟ ਨੋਟ ਦਾ ਵੇਖਣਾ ਚਾਹੁਣ ਉਸਤੋਂ ਦੋ ਅੰਕ ਪਿਛਾਹਾਂ ਵੇਖਣ। ਕਈਆਂ ਅੰਕਾਂ ਨੂੰ ਠੀਕ ਵੀ ਕੀਤਾ ਗਿਆ ਹੈ ਹੋਰ ਕ੍ਰਿਸ਼ਨਾ-ਵਤਾਰ ਦਾ ਤਤਕਰਾ ਸੰਛੇਪ ਜੇਹਾ ਬਣਾਇਆ ਹੈ। ਕ੍ਰਿਸ਼ਨਾਵਤਾਰ ਦੇ ਪ੍ਰਸੰਗ ਮਹਾਨ ਹਨ, ਗੁਣੀ ਜਨ ਧਿਆਨ ਨਾਲ ਵੇਖ ਲਿਆ ਕਰਨ। ੫੨੯ ਪੰਨੇ ਉਤੇ ਇਹ ਪੋਥੀ ਸਮਾਪਤ ਹੋਈ ਹੈ ਅਗੇ ਤ੍ਰੀਆ ਚਰਿੱਤ੍ਰਾਂ ਦੀ ਪੋਥੀ ਚੌਥੀ, ਪੰਜਵੀਂ ਪੋਥੀ ਹੈ।

Sri Satguru Jagjit Singh Ji eLibrary NamdhariElibrary@gmail.com

੧ ੴ ਵਾਹਿਗੁਰੂ ਜੀ ਕੀ ਫਤਹ ॥

ਅਥ ਕ੍ਰਿਸ਼ਨਾ ਅਵਤਾਰ ਇੱਕੀਸਮੋ ਅਵਤਾਰ ਕਥਨੰ ॥ ਚੌਪਈ ॥ ਅਬ ਬਰਣੋਂ ਕ੍ਰਿਸਨਾ ਅਵਤਾਰੂ ॥ ਜੈਸ ਭਾਂਤ ਬਪੁ[1] ਧਰਜੋ ਮੁਰਾਰੂ ॥ ਪਰਮ ਪਾਪ ਤੇ ਭੂਮ ਡਰਾਨੀ ॥ ਝਗਮਗਾਤ ਬਿਧ ਤੀਰ[2] ਸਿਧਾਨੀ ॥ ੧ ॥ ਚੌਪਈ ॥ ਬ੍ਰਹਮਾ ਗਯੋ ਛੀਰ ਨਿਧ ਜਹਾਂ ॥ ਕਾਲਪੁਰਖ ਇਸਥਿਤ ਥੇ ਤਹਾਂ ॥ ਕਹਯੋ ਬਿਸਨ ਕਹ ਨਿਕਟ ਬੁਲਾਈ ॥ ਕ੍ਰਿਸਨ ਅਵਤਾਰ ਧਰੋ ਤੁਮ ਜਾਈ ॥ ੨ ॥ ਦੋਹਰਾ ॥ ਕਾਲ ਪੁਰਖ ਕੇ ਬਚਨ ਤੇ ਸੰਤਨ ਹੇਤ ਸਹਾਇ ॥ ਮਥਰਾ ਮੰਡਲ ਕੇ ਬਿਖੈ ਜਨਮੁ ਧਰਜੋ ਹਰਿਰਾਇ ॥ ੩ ॥ ਚੌਪਈ ॥ ਜੇ ਜੇ ਕ੍ਰਿਸਨ ਚਰਿਤ੍ਰ ਦਿਖਾਏ ॥ ਦਸਮ[3] ਬੀਚ ਸਭ ਭਾਖ ਸੁਨਾਏ ॥ ਗਜਾਰਾ ਸਹਸ ਬਾਨਵੇ ਛੰਦਾ ॥ ਕਹੇ ਦਸਮ ਪੁਰ[4] ਬੈਠ ਅਨੰਦਾ ॥ ੪ ॥

ਅਥ ਦੇਵੀ ਜੂ ਕੀ ਉਸਤਤਿ ਕਥਨੰ ॥

ਸ੍ਵੈਯਾ ॥ ਹੋਇ ਕ੍ਰਿਪਾ ਤੁਮਰੀ ਹਮ ਪੈ ਤੁ ਸਭੈ ਸਗਨੰ ਗੁਨਹੀ ਧਰਿਹੌਂ ॥ ਜੀਅ ਧਾਰ ਬਿਚਾਰ ਤਬੈ ਬਰ ਬੁੱਧਿ ਮਹਾਂ ਅਗਨੰ ਗੁਨ ਕੋ ਹਰਿਹੌਂ ॥ ਬਿਨੁ ਚੰਡ ਕ੍ਰਿਪਾ ਤੁਮਰੀ ਕਬਹੂੰ ਮੁਖ ਤੇ ਨਹੀ ਅੱਛਰ ਹਉ ਕਰਿਹੌਂ ॥ ਤੁਮਰੋ ਕਰ ਨਾਮੁ ਕਿਧੋ ਤੁਲਹਾ ਜਿਮ ਬਾਕ ਸਮੁੰਦ੍ਰ ਬਿਖੈ ਤਰਿਹੌਂ ॥ ੫ ॥ ਦੋਹਰਾ ॥ ਰੇ ਮਨ ਭਜ ਤੂੰ ਸਾਰਦਾ[5] ਅਨਗਨ ਗੁਨ ਹੈ ਜਾਹਿ ॥ ਰਚੌਂ ਗ੍ਰੰਥ ਇਹ ਭਾਗਵਤ ਜਉ ਵੈ ਕ੍ਰਿਪਾ ਕਰਾਹਿ ॥ ੬ ॥ ਕਬਿਤੁ ॥ ਸੰਕਟ ਹਰਨ ਸਭ ਸਿੱਧ ਕੀ ਕਰਨ ਚੰਡ ਤਾਰਨ ਤਰਨ ਸਰਨ ਲੋਚਨ ਬਿਸਾਲ ਹੈ ॥ ਆਦਿ ਜਾਕੈ ਆਹਵ ਹੈ ਅੰਤ ਕੋ ਨ ਪਾਰਾਵਾਰ ਸਰਨ ਉਬਾਰਨ ਕਰਨ ਪ੍ਰਤਿਪਾਲ ਹੈ ॥ ਅਸੁਰ ਸੰਘਾਰਨ ਅਨਿਕ ਦੁਖ ਜਾਰਨ ਸੋ ਪਤਿਤ ਉਧਾਰਨ ਛਡਾਏ ਜਮਜਾਲ ਹੈ ॥ ਦੇਵੀ ਬਰ ਲਾਇਕ ਸਬੁੱਧਿ ਹੂ ਕੀ ਦਾਇਕ ਸੁ ਦੇਹ ਬਰ ਪਾਇਕ ਬਨਾਵੈ ਗ੍ਰੰਥ ਹਾਲ ਹੈ ॥ ੭ ॥ ਸ੍ਵੈਯਾ ॥ ਅੱਦ੍ਰਸੁਤਾ[6] ਹੂੰ ਕੀਜੋ ਤਨਯਾ ਮਹਿਖਾਸੁਰ ਕੀ ਮਰਤਾ ਫੁਨਿ ਜੋਊ ॥ ਇੰਦ੍ਰ ਕੋ ਰਾਜਹਿ ਕੀ ਦੱਵੀਯਾ ਕਰਤਾ ਬਧ ਸੁੰਭ ਨਿਸੁੰਭਹਿ ਦੋਊ ॥ ਜੋ ਜਪਕੈ ਇਹ ਸੇਵ ਕਰੈ ਬਰ ਕੋ ਸੁ ਲਹੈ ਮਨਇੱਛਤ ਸੋਊ ॥ ਲੋਕ ਬਿਖੈ ਉਹ ਕੀ ਸਮ ਤੁੱਲ ਗਰੀਬ ਨਿਵਾਜ ਨ ਦੂਸਰ ਕੋਊ ॥ ੮ ॥

ਇਤਿ ਸ੍ਰੀ ਦੇਵੀ ਜੂ ਕੀ ਉਸਤਤਿ ਸਮਾਪਤ ॥

ਅਥ ਪ੍ਰਿਥਮੀ ਬ੍ਰਹਮਾ ਪਹਿ ਪੁਕਾਰਤ ਭਈ ॥ ਸ੍ਵੈਯਾ ॥ ਦੈਤਨ ਕੇ ਭਰਤੇ ਡਰ ਤੇ ਜੁ ਭਈ ਪ੍ਰਿਥਮੀ ਬਹੁ ਭਾਰਹਿ ਭਾਰੀ ॥ ਗਾਇ ਕੋ ਰੂਪੁ ਤਬੈ ਧਰਕੈ ਬ੍ਰਹਮਾ ਰਿਖ ਪੈ ਚਲ ਜਾਇ ਪੁਕਾਰੀ ॥ ਬ੍ਰਹਮ ਕਹਯੋ ਤੁਮਹੂੰ ਹਮਹੂੰ ਮਿਲ ਜਾਇ ਤਹਾਂ ਜਹਿ

---

੧. ਸਰੀਰ। ੨. ਪਾਸ। ੩. ਦਸਮ ਗ੍ਰੰਥ ਸਾਹਿਬ।
੪. ਅਨੰਦਪੁਰ। ੫. ਦੇਵੀ ਦਾ ਉਪਾਸ਼ਕ ਸ਼ਾਮ ਕਵੀ, ਜੋ ਪੜ ਕਵੀਆਂ ਵਿਚ ਸ੍ਰੀ ਹਜ਼ੂਰ ਜੀ ਦਾ ਨੌਕਰ ਹੈ। ੬. ਪਹਾੜ ਦੀ ਧੀ।

Sri Satguru Jagjit Singh Ji eLibrary NamdhariElibrary@gmail.com

ਹੈ ਬ੍ਰਤ ਧਾਰੀ ॥ ਜਾਇ ਕਰੈ ਬਿਨਤੀ ਤਿਹ ਕੀ ਰਘੁਨਾਥ ਸੁਨੋ ਇਹ ਬਾਤ ਹਮਾਰੀ ॥ ੯ ॥ ਸ੍ਵੈਯਾ ॥ ਬ੍ਰਹਮ ਕੋ ਅੱਗ੍ਰ ਸਭੈ ਧਰ ਕੈ ਸੁ ਤਹਾਂ ਕੋ ਚਲੈ ਤਨ ਕੋ ਤਨੀਆ ॥ ਤਬ ਜਾਇ ਪੁਕਾਰ ਕਰੀ ਤਿਹ ਸਾਮੁਹਿ ਰੋਵਤ ਤਾ ਮੁਨਿ ਜਜੋ ਹਨੀਆ ॥ ਤਾ ਛਬਿ ਕੀ ਅਤਿ ਹੀ ਉਪਮਾ ਕਬ ਨੇ ਮਨ ਭੀਤਰ ਯੌ ਗਨੀਆ ॥ ਜਿਮ ਲੂਟੈ ਤੇ ਅਗ੍ਰਜ ਚੌਧਰੀ ਕੈ ਕੁਟਵਾਰ ਪੈ ਕੂਕਤ ਹੈ ਬਨੀਆ ॥ ੧੦ ॥ ਲੈ ਬ੍ਰਹਮਾ ਸੁਰ ਸੈਨ ਸਭੈ ਤਹ ਦੌਰ ਗਏ ਜਹ ਸਾਗਰ ਭਾਰੀ ॥ ਗਾਇ ਪ੍ਰਨਾਮ ਕਰੋ ਤਿਨਕੋ ਅਪਨੇ ਲਖਿ ਬਾਰਨਿ ਬਾਰ ਪਖਾਰੀ ॥ ਪਾਇ ਪਰੇ ਚਤੁਰਾਨਨ ਤਾਹਿ ਕੇ ਦੇਖਿ ਬਿਵਾਨ ਤਹਾ ਬ੍ਰਤਿ ਧਾਰੀ ॥ ਬ੍ਰਹਮ ਕਹਯੋ ਬ੍ਰਹਮਾ ਕਹੁ ਜਾਹੁ ਅਉਤਾਰ ਲੈ ਮੈ ਜਰ ਦੈਤਨ ਮਾਰੀ ॥ ੧੧ ॥ ਸ੍ਵੈਯਾ ॥ ਸੋਨਨ ਮੈ ਸੁਨਿ ਬ੍ਰਹਮ ਕੀ ਬਾਤ ਸਬੈ ਮਨ ਦੇਵਨ ਕੇ ਹਰਖਾਨੇ ॥ ਕੈ ਕੈ ਪ੍ਰਨਾਮ ਚਲੇ ਗ੍ਰਹ ਆਪਨ ਲੋਕ ਸਭੈ ਅਪਨੇ ਕਰ ਮਾਨੇ ॥ ਤਾ ਛਬਿ ਕੋ ਜਸ ਉੱਚ ਮਹਾਂ ਕਬਿ ਨੇ ਅਪਨੇ ਮਨ ਮੈ ਪਹਿਚਾਨੇ॥ ਗੋਧਨ ਭਾਂਤ ਗਯੋ ਸਭ ਲੋਕ ਮਨੋ ਸੁਰ ਜਾਇ ਬਹੋਰਕੈ[1] ਆਨੇ ॥ ੧੨ ॥ ਬ੍ਰਹਮਬਾਚ॥ ਦੋਹਰਾ ॥ ਫਿਰਿ ਹਰਿ ਇਹ ਆਗਿਆ ਦਈ ਦੇਵਨ ਸਕਲ ਬੁਲਾਇ ॥ ਜਾਇ ਰੂਪ ਤੁਮਹੂੰ ਧਰੋ ਹਉ ਹੂੰ ਧਰਿ ਹੌਂ ਆਇ ॥ ੧੩ ॥ ਬਾਤ ਸੁਨੀ ਜਬ ਦੇਵਤਨ ਕੋਟ ਪ੍ਰਨਾਮ ਜੁ ਕੀਨ ॥ ਆਪ ਸਮੇਤ ਸੁਧਾਮੀਐ ਲੀਨੇ ਰੂਪ ਨਵੀਨ ॥ ੧੪ ॥ ਦੋਹਰਾ ॥ ਰੂਪ ਧਰੇ ਸਭ ਸੁਰਨ ਯੌ ਭੂਮ ਮਾਹਿ ਇਹ ਭਾਇ ॥ ਅਬ ਲੀਲਾ ਦੇਵਕੀ ਕੀ ਮੁਖ ਤੇ ਕਹੌ ਸੁਨਾਇ ॥ ੧੫ ॥

ਇਤਿ ਸ੍ਰੀ ਬਿਸਨ ਅਵਤਾਰ ਹ੍ਵੈਬੋ ਬਰਨਨੰ ॥

ਅਥ ਦੇਵਕੀ ਕੋ ਜਨਮ ਕਥਨੰ ॥ ਦੋਹਰਾ ॥ ਉਗ੍ਰਸੈਨ ਕੀ ਕੰਨਕਾ ਨਾਮ ਦੇਵਕੀ ਤਾਸ ॥ ਸੋਮਵਾਰ ਦਿਨ ਜਠਰ ਤੇ ਕੀਨੋ ਤਾਹਿ ਪ੍ਰਕਾਸ ॥ ੧੬ ॥

ਇਤਿ ਦੇਵਕੀ ਕੋ ਜਨਮੁ ਬਰਨਨੰ ਪ੍ਰਿਥਮ ਧਿਆਇ ਸਮਾਪਤ ਮਸਤੁ ॥

ਅਥ ਦੇਵਕੀ ਕੋ ਬਰ ਢੂੰਢਬੋ ਕਥਨੰ ॥ ਦੋਹਰਾ ॥ ਜਬੈ ਭਈ ਵਹਿ ਕੰਨਿਕਾ ਸੁੰਦਰ ਬਰ ਕੇ ਜੋਗੁ ॥ ਰਾਜ ਕਹੀ ਬਰ ਕੇ ਨਮਿਤ ਢੂੰਢਹੁ ਅਪਨਾ ਲੋਗੁ ॥ ੧੭ ॥ ਦੋਹਰਾ ॥ ਦੂਤ ਪਠਯੋ ਤਿਨ ਜਾਇਕੈ ਨਿਰਖਯੋ ਹੈ ਬਸੁਦੇਵ ॥ ਮਦਨ ਬਦਨ[2] ਸੁਖ ਕੋ ਸਦਨ ਲਖੈ ਤੱਤ ਕੋ ਭੇਵ ॥ ੧੮ ॥ ਕਬਿਤੁ ॥ ਦੀਨੋ ਹੈ ਤਿਲਕੁ ਜਾਇ ਭਾਲ ਬਸੁਦੇਵ ਜੂ ਕੇ·ਡਾਰਯੋ ਨਾਰੀਏਰ ਗੋਦ ਮਾਹਿ ਦੈ ਅਸੀਸ ਕੌ ॥ ਦੀਨੀ ਹੈ ਬਡਾਈ ਪੈ ਮਿਠਾਈ ਹੂੰ ਤੇ ਮੀਠੀ ਸਭ ਜਨ ਮਨ ਭਾਈ ਔਰ ਈਸਨ ਕੇ ਈਸ ਕੌ ॥ ਮਨ ਜੋ ਪੈ ਆਈ ਸੋ ਤੋ ਕਹਿਕੈ ਸੁਨਾਈ ਤਾਕੀ ਸੋਭਾ ਸਭ ਭਾਈ ਮਨ ਮੱਧ ਘਰਨੀਸ ਕੌ ॥ ਸਾਰੇ ਜਗ ਗਾਈ ਜਿਨ ਸੋਭਾ ਜਾਕੀ ਗਾਈ ਸੋ ਤੋ ਏਕ ਲੋਕ ਕਹਾ ਲੋਕ ਭੇਦੇ ਬੀਸ ਤੀਸ ਕੌ ॥ ੧੯ ॥ ਦੋਹਰਾ ॥ ਕੰਸ ਬਾਸਦੇਵੈ ਤਬੈ ਜੋਰਿਓ ਬਜਾਹ ਸਮਾਜ ॥ ਪ੍ਰਸੰਨਜ ਭਏ ਸਭ ਧਰਨ ਮੈ ਬਾਜਨ ਲਾਗੇ ਬਾਜ ॥ ੨੦ ॥ ਅਥ ਦੇਵਕੀ ਕੋ ਬਜਾਹ ਕਥਨੰ ॥ ਸ੍ਵੈਯਾ ॥ ਆਸਨਿ ਦਿੱਜਨ ਕੋ ਧਰਕੈ ਤਰ ਤਾਕੋ ਨਵਾਇ ਲੈ ਜਾਇ ਬੈਠਾਯੋ॥ਕੁੰਕਮ ਕੋ ਘਸਕੈ ਕਰ ਪ੍ਰੋਹਤਿ ਬੇਦਨ ਕੀ ਧੁਨ ਸੋਤਿਹ ਲਾਯੋ॥ਡਾਰਤ

---

੧. ਮੋੜਕੇ। ੨. ਕਾਮ ਵਰਗਾ ਮੂੰਹ।

Sri Satguru Jagjit Singh Ji eLibrary NamdhariElibrary@gmail.com

ਫੂਲ ਪੰਚਾਮ੍ਰਿਤਿ ਅੱਛਤ[1]ਮੰਗਲਚਾਰਭਯੋ ਮਨ ਭਾਯੋ॥ਭਾਟ ਕਲਾਵਤ ਔਰਗੁਨੀ ਸਭ ਲੈ ਬਖਸੀਸ ਮਹਾਂ ਜਸੁ ਗਾਯੋ ॥੨੧॥ ਦੋਹਰਾ ॥ ਰੀਤ ਬਰਾਤਨ ਦੁਲਹਕੀ ਬਾਸਦੇਵ ਸਭ ਕੀਨ ॥ ਤਬੈ ਕਾਜ ਚਲਬੇ ਨਮਿਤ ਮਥਰਾ ਮੈ ਮਨੁ ਦੀਨ ॥ ੨੨ ॥ ਬਾਸਦੇਵ ਕੋ ਆਗਮਨ ਉਗ੍ਰਸੈਨ ਸੁਨ ਲੀਨ ॥ ਚਮੂੰ ਸਬੈ ਚਤੁਰੰਗਨੀ ਭੇਜ ਅਗਮਨੈ ਦੀਨ ॥ ੨੩ ॥ ਸ੍ਵੈਯਾ ॥ ਆਪਸ ਮੇ ਮਿਲਬੇ ਹਿਤ ਕੌ ਦਲ ਸਾਜ ਚਲੈ ਪੁਜਨੀਪਤਿ ਐਸੇ ॥ ਲਾਲਕਰੇ ਪਟ ਪੈਂਡਰ ਕੇਸਰ ਰੰਗ ਭਰੇ ਪ੍ਰਤਨਾਪਤਿ ਕੈਸੇ ॥ ਰੰਚਕ ਤਾ ਛਬ ਢੂੰਡ ਲਈ ਕਬ ਨੈ ਮਨ ਕੇ ਪੁਨ ਭੀਤਰ ਮੈਸੇ ॥ ਦੇਖਨ ਕੌਤਕਿ ਬਜਾਹਹਿ ਕੇ ਨਿਕਸੇ ਇਹ ਕੁੰਕਮ ਆਨੰਦ ਜੈਸੇ ॥ ੨੪ ॥ ਦੋਹਰਾ ॥ ਕੰਸਅਵਰ ਬਸਦੇਵ ਜੂ ਆਪਸਿ ਮੈ ਮਿਲ ਅੰਗ ॥ ਤਬੈ ਬਹੁਰਿ ਦੇਵਨ ਲਗੈ ਗਾਰੀ ਰੰਗਾ ਰੰਗ ॥ ੨੫ ॥ ਸੋਰਠਾ ॥ ਦੁੰਦਭ ਤਬੈ ਬਜਾਇ ਆਏ ਜੋ ਮਥੁਰਾ ਨਿਕਟਿ ॥ ਤਾ ਛਬਿ ਕੌ ਨਿਰਖਾਇ ਹਰਖ ਭਯੋ ਹਰਿਖਾਇਕੈ ॥ ੨੬ ॥ ਸ੍ਵੈਯਾ ॥ ਆਵਤ ਕੌ ਸੁਨਿਕੈ ਬਸਦੇਵਹਿ ਰੂਪ ਸਜੇ ਅਪਨੇ ਤਨ ਨਾਰੀ ॥ ਗਾਵਤ ਗੀਤ ਬਜਾਵਤ ਤਾਲ ਦਿਵਾਵਤਿ ਆਵਤ ਨਾਗਰ ਗਾਰੀ ॥ ਕੋਠਨ ਪੈ ਨਿਰਖੈ ਚੜਤਾਸਨਿ ਤਾ ਛਬਕੀ ਉਪਮਾ ਜੀਅ ਧਾਰੀ ॥ ਬੈਠ ਬਿਵਾਨ ਕੁਟੰਬ ਸਮੇਤ ਸੁਦੇਖਤ ਦੇਵਨ ਕੀ ਮਹਤਾਰੀ[2] ॥ ੨੭ ॥ ਕਬਿੱਤੁ ॥ ਬਾਸ ਦੇਵ ਆਯੋ ਰਾਜੈ ਮੰਡਲ ਬਨਾਯੋ ਮਨ ਮਹਾਂ ਸੁਖ ਪਾਯੋ ਤਾਕੋ ਆਨਨ[3] ਨਿਰਖਕੈ ॥ ਸੁਗੰਧ ਲਗਾਯੋ ਰਾਗ ਗਾਇਨਨ ਗਾਯੋ ਤਿਸੈ ਬਹੁਤੁ ਦਿਵਾਯੋ ਬਰ ਲਿਆਯੋ ਜੋ ਪਰਖ ਕੈ ॥ ਛਾਤੀ ਹਾਥੁ ਲਾਯੋ ਸੀਸ ਨਿਆਯੋ ਉਗ੍ਰਸੈਨ ਤਬੈ ਆਦਰ ਪਠਾਯੋ ਪੂਜ ਮਨ ਮੈ ਹਰਖ ਕੈ ॥ ਭਯੋ ਜਨ ਮੰਗਨਨ ਭੂਮ ਪਰਬਾਦਰ ਸੋ ਰਾਜਾ ਉਗ੍ਰਸੈਨ ਗਯੋ ਕੰਚਨ ਬਰਖਕੈ ॥ ੨੮ ॥ ਦੋਹਰਾ ॥ ਉਗ੍ਰਸੈਨ ਤਬ ਕੰਸ ਕੋ ਲਯੋ ਹਜੂਰ ਬੁਲਾਇ ॥ ਕਹਯੋ ਸਾਥ ਤੁਮ ਜਾਇਕੈ ਦੇਹੁ ਭੰਡਾਰ ਖੁਲਾਇ ॥ ੨੯ ॥ ਔਰ ਸਮਗਰੀ ਅੰਨਜ ਕੀ ਲੈ ਜਾ ਤਾਕੇ ਪਾਸਿ ॥ ਕਰਿ ਪ੍ਰਨਾਮੁ ਤਾਕੋ ਤਬੈ ਇਉ ਕਰਿਯੋਅਰਦਾਸ ॥੩੦॥ ਕਾਲਰਾਤ੍ਰਿਕੋ ਬਜਾਹਹੈ ਕੰਸਹਿ ਕਹਾਂ ਸੁਨਾਇ ॥ ਬਾਸਦੇਵ ਪ੍ਰੋਹਤ ਕਹੀ ਭਲੀ ਜੁ ਤੁਮੈ ਸੁਹਾਇ ॥ ੩੧ ॥ ਕੰਸ ਕਹਯੋ ਕਰ ਜੋਰਿ ਤਬ ਸਬੈ ਬਾਤ ਕੋ ਭੇਵ ॥ ਸਾਧ ਸਾਧ ਪੰਡਤ ਕਹਯੋ ਅਸਮਾਨੀ ਬਸਦੇਵ ॥ ੩੨ ॥ ਸ੍ਵੈਯਾ ॥ ਰਾਤ ਬਿਤੀਤ ਭਈ ਅਰ ਪ੍ਰਾਤ ਭਈ ਫਿਰ ਰਾਤ ਤਬੈ ਚੜ ਆਏ ॥ ਛਾਡ ਦਏ ਹਥਿ ਫੂਲ ਹਜਾਰ ਦੋਊ ਭੁਚ ਪਯੋਧਰ ਐਸ ਫਿਰਾਏ ॥ ਅਉਰ ਹਵਾਇ ਚਲੀ ਨਭ ਕੋ ਉਪਮਾ ਤਿਹਕੀ ਕਬਿ ਸਜਾਮ ਸੁਨਾਏ ॥ ਦੇਖਹਿ ਕੌਤਕ ਦੇਵ ਸਬੈ ਤਿਹਤੇ ਮਨੋ ਕਾਗਦ ਕੋਟ ਪਠਾਏ ॥ ੩੩ ॥ ਸ੍ਵੈਯਾ ॥ ਲੈ ਬਸਦੇਵ ਕੋ ਅਗੁ ਪ੍ਰੋਹਤ ਕੰਸਹਿ ਕੇ ਚਲ ਧਾਮ ਗਏ ਹੈ ॥ ਆਗੇ ਤੇ ਨਾਰ ਭਈ ਇਕਲੇਹਿਸ ਗਾਗਰ ਪੰਡਤ ਡਾਰ ਦਏ ਹੈ ॥ ਡਾਰ ਦਏ ਲਡੂਆ ਗਹ ਝਾਂਟਨਿ ਤਾਕੋ ਸੋਊ ਵੇਤੇ ਭੱਛ ਗਏ ਹੈ ॥ ਜਾਦਵ ਬੰਸ ਦੁਹੂੰ ਦਿਸ ਤੇ ਸੁਨਿ ਕੈ ਸੁ ਅਨੇਕਿ ਕਹਾ ਸਭ ਏਹੈ ॥ ੩੪ ॥ ਕਬਿੱਤੁ ॥ ਗਾਵਤ ਬਜਾਵਤ ਸਗਾਰਨ ਦਿਵਾਵਤ ਸੁਆਵਤ ਸੁਹਾਵਤ ਹੈ ਮੰਦ ਮੰਦਗਾਵਤੀ ॥ ਕੋਹਰਿ ਸੀ ਕਟਿ ਔੜੁਰੰਗਨ ਸੇ ਦ੍ਰਿਗ ਜਾਕੇ ਗਜ ਜੈਸੀ ਚਾਲ ਮਨ ਭਾਵਤ ਸੁਆਵਤੀ ॥ ਮੰਡਿਨ ਕੇ ਚੌਕ ਕਰੇ ਲਾਲਨ ਕੇ ਖਾਰੇ ਧਰੇ ਬੈਠੇ ਤਬੈ ਦੋਊ ਦੂਲਹਿ ਦੁਲਹੀ ਸੁਹਾਵਤੀ ॥ ਬੇਦਨ ਕੀ

---

੧. ਚੌਲ। ੨. ਮਾਤਾ। ੩. ਮੁੰਹ।

Sri Satguru Jagjit Singh Ji eLibrary NamdhariElibrary@gmail.com

तेरे जोर मै गुंगा कहताहो ॥ तेरा ही सदका तेरी सरणि ॥ भुजंग प्रयात छंद ॥ कुपजे संजमं परम जोधा जुझारं ॥ बडॅे गरबधारी बडॅे निरबिकारं ॥ अनंता सत् लै कै अनरबै पहाराजे ॥ अनादॅत के अंग कॅ छेद डारजे ॥ ९८ ॥ ३२५ ॥ तेरे जोर कहत हौं ॥ इसॅो जुधु बीतजे कहा लौं सुनाऊ ॥ रटॅ सहंस जिहवा न तऊ अंत पाऊ ॥ दसं लॅछ जुगजं सु बरखं अनंतं ॥ भजॅो बीर खेतं कबै कउण अंतं ॥ ९९ ॥ ३२६ ॥ तेरे जोर संग कहता ॥ भई अंध पुंधं मचजॅो बीर खेतं ॥ नची जुॅगणी चारु चउसॅठ पूतं ॥ नची कालका मी कमॅखजा करालं ॥ झकंझाकणी जोध जागंत जूालं ॥ १०० ॥ ३२७ ॥ तेरा जोरु ॥ मचजे जोर जुधं हटजे नाहि कोऊ ॥ बडे छत् धारी पती छत् दोऊ ॥ थपजे सरब लोकं अलोकं अपारं ॥ मिटे जुध ते इन जोधा जुझारं ॥ १०१ ॥ ३२८ ॥ तेरा जोर ॥ चट पट सुभट बिकट कटे झट पट भई अभंग ॥ लटि भट हटे न रन घटजॅो अट पट मिटजॅो न जंग ॥ १०२ ॥ ३२९ ॥ तेरे जोर ॥चौपई॥बीस लॅछ जुग अंतु प्रमाना ॥ लरे दुऊ भई किसू न हाना ॥ तब राजा जीअ मै अकुलाजे ॥नाक चढे मछिंद्र पै आजे॥१०३॥३३०॥ कहि मुन बरि सभ मोहि बिचारा ॥ ए दॅऊ बीर बडे बरिआरा ॥ इनका बिरुध निवरत न भजा ॥ इनॅ छडावत सभ जगु गजा ॥ १०४ ॥ ३३१ ॥ तेरा जॅरु ॥ इनै जुझावत सब कॅई जूझा ॥ इनका अंत न काहू सूझा ॥ एहै आदि हठी बरिआरा ॥ महां रबी अउ महा भजारा ॥ १०५ ॥ ३३२ ॥ बचनु मछिंद्र सुनत चुप रहा ॥ धरा नाथ सबनन तन कहा ॥ चक्रित चॅित चटपट हूै दिखसा ॥ चर पट नाथ तदिन ते निकसा ॥ १०६ ॥ ३३३ ॥ इत चरपट नाथ प्रगटणॅ नाम ॥ चौपई ॥ सुनिराजा तुहि कहै बिबेका ॥ इन कह दूै जानहु जिन एका ॥ ए अबिकार पुरख अवतारी ॥ बडे धनुर धर बडे जुझारी ॥ १०७ ॥ ३३४ ॥ आदि पुरख जब आप संभारा ॥ आप रूप मै आप निहारा ॥ ओंकार कह इकदा कहा ॥ भूमि अकास सकल बनि रहा ॥ १०८ ॥ ३३५ ॥ तेरे जोर ॥ दाहन दिस ते सति उपजावा ॥ बाम परस ते झूठ बनावा ॥ उपजत ही उठि जुझे जुझारा ॥ तब ते करत जगत मै रारा ॥ १०९ ॥ ३३६ ॥ सहंस बरख जो आयु बढावै ॥ रसना सहस सदा लौं पावै ॥

Sri Satguru Jagjit Singh Ji eLibrary NamdhariElibrary@gmail.com

ਸਹੰਸ ਜੁਗਨ ਲੌ ਕਰੈ ਬਿਚਾਰਾ ॥ ਤਦਪਿ ਨ ਪਾਵਤ ਪਾਰ ਤੁਮਾਰਾ ॥ ੧੧੦ ॥ ੩੩੭ ॥ **ਤੇਰੇ ਜੋਰ ਗੁੰਗਾ ਕਹਤਾ ॥** ਬਿਆਸ ਪਰਾਸਰ ਅਉ ਰਿਖਿ ਘਨੇ ॥ ਸਿੰਗੀ ਰਿਖਿ ਬਕਦਾਲਭ ਭਨੇ ॥ ਸਹੰਸ ਮੁਖ ਕਾ ਬ੍ਰਹਮਾ ਦੇਖਾ ॥ ਤਉ ਨ ਤੁਮਰਾ ਅੰਤੁ ਬਿਸੇਖਾ ॥ ੧੧੧ ॥ ੩੩੮ ॥ ਤੇਰਾ ਜੋਰੁ ॥ ਦੋਹਰਾ ॥ ਸਿੰਧ ਸੁਭਟ ਸਾਵੰਤ ਸਭ ਮੁਨਿ ਗੰਧਰਬ ਮਹੰਤ ॥ ਕੋਟ ਕਲਪ ਕਲਪਾਤ ਭੇ ਲਹਜੋ ਨ ਤੇਰੋ ਅੰਤ ॥ ੧੧੨ ॥ ੩੩੯ ॥ ਤੇਰੋ ਜੋਰ ਸੋ ਕਹੈ ॥ ਭੁਜੰਗ ਪ੍ਰਯਾਤ ਛੰਦ ॥ ਸੁਨੋ ਰਾਜ ਸਰਦੂਲ ਉਚਰੋ ਪ੍ਰਬੋਧੰ ॥ ਸੁਨੋ ਚਿੱਤ ਦੈ ਕੈ ਨ ਕੀਜੈ ਬਿਰੋਧੰ ॥ ਸੁ ਸ੍ਰੀ ਆਦ ਪੁਰਖੰ ਅਨਾਦੰ ਸਰੂਪੰ ॥ ਅਜੇਅੰ ਅਭੇਅੰ ਅਦੱਰੰ ਅਰੂਪੰ ॥ ੧੧੩ ॥ ੩੪੦ ॥ ਅਨਾਮੰ ਅਧਾਮੰ ਅਨੀਲੰ ਅਨਾਦੰ ॥ ਅਜੈਅੰ ਅਭੈਅੰ ਅਵੈ ਨਿਰਬਿਖਾਦੰ ॥ ਅਨੰਤੰ ਮਹੰਤੰ ਪ੍ਰਿਥੀ ਸੰਪੁਰਾਣੰ ॥ ਸੁਭੱਬਜੰ ਭਵਿਖਜੰ ਅਵੈਯੰ ਭਵਾਣੰ ॥ ੧੧੪ ॥ ੩੪੧ ॥ ਜਿਤੇ ਸਰਬ ਜੋਗੀ ਜਟੀ ਜੰਤ੍ਰ ਧਾਰੀ ॥ ਜਲਾ ਸ੍ਰੀ ਜਵੀ ਜਾਮਨੀ ਜੱਗ ਕਾਰੀ ॥ ਜਤੀ ਜੋਗ ਜੁੱਧੀ ਜਕੀ ਜ੍ਵਾਲ ਮਾਲੀ ॥ ਪ੍ਰਮਾਥੀ ਪਰੀ ਪਰਬਤੀ ਛਤ੍ਰ ਪਾਲੀ ॥ ੧੧੫ ॥ ੩੪੨ ॥ ਤੇਰਾ ਜੋਰ ॥ ਸਬੈ ਝੂਠੁ ਮਾਨੋ ਜਿਤੇ ਜੰਤ੍ਰ ਮੰਤ੍ਰੰ ॥ ਸਬੈ ਫੋਕਟੰ ਧਰਮ ਹੈ ਭਰਮ ਤੰਤ੍ਰੰ ॥ ਬਿਨਾ ਏਕ ਆਸੰ ਨਿਰਾਸੰ ਸਬੈ ਹੈ ॥ ਬਿਨਾ ਏਕ ਨਾਮੰ ਨ ਕਾਮੰ ਕਬੈ ਹੈ ॥ ੧੧੬ ॥ ੩੪੩ ॥ ਤੇਰਾ ਜੋਰ ॥ ਕਰੇ ਮੰਤ੍ਰ ਜੰਤ੍ਰੰ ਜੁਪੈ ਸਿੱਧ ਹੋਈ ॥ ਦਰੰਦ੍ਵਾਰ ਭਿੱਛਜਾ ਭ੍ਰਮੈ ਨਾਹਿ ਕੋਈ ॥ ਧਰੈ ਏਕ ਆਸਾ ਨਿਰਾਸੋਰ ਮਾਨੇ ॥ ਬਿਨਾ ਏਕ ਕਰਮੰ ਸਬੈ ਭਰਮ ਜਾਨੇ ॥ ੧੧੭ ॥ ੩੪੪ ॥ ਸੁਨਜੋ ਜੋਗ ਬੈਨੰ ਨਰੇਸੰ ਨਿਧਾਨੰ ॥ ਭ੍ਰਮਿਜੋ ਭੀਤ ਚਿੱਤੰ ਕੁਪਜੋ ਜੋਮ ਪਾਨੰ ॥ ਤਜੀ ਸਰਬ ਆਸੰ ਨਿਰਾਸੰ ਚਿਤਾਨੰ ॥ ਪੁਨਰ ਉੱਚਰੇ ਬਾਚ ਬੰਧੀ ਬਿਧਾਨੰ ॥ ੧੧੮ ॥ ੩੪੫ ॥ ਤੇਰਾ ਜੋਰ ॥ ਰਸਾਵਲ ਛੰਦ ॥ ਸੁਨੋ ਮੋਨ ਰਾਜੰ ॥ ਸਦਾ ਸਿੱਧ ਸਾਜੰ ॥ ਕਛੂ ਦੇਹ ਮੱਤੰ ॥ ਕਹੋ ਤੋਹਿ ਬੱਤੰ ॥ ੧੧੯ ॥ ੩੪੬ ॥ ਦੋਊ ਜੋਰ ਜੁੱਧੰ ॥ ਹਠੀ ਪਰਮ ਕ੍ਰੱਧੰ ॥ ਸਦਾ ਜਾਪ ਕਰਤਾ ॥ ਸਬੈ ਸਿੰਧ ਹਰਤਾ ॥ ੧੨੦ ॥ ੩੪੭ ॥ ਅਰੀਲੇ ਅਰਾਰੇ ॥ ਹਠੀਲੇ ਜੁਝਾਰੇ ॥ ਕਟੀਲੇ ਕਰੂਰੰ ॥ ਕਰੈ ਸਤ੍ਰ ਚੂਰੰ ॥ ੧੨੧ ॥ ੩੪੮ ॥ ਤੇਰਾ ਜੋਰੁ ॥ ਚੌਪਈ ॥ ਜੋ ਇਨ ਜੀਤਿ ਸਕੈ ਨਹਿ ਭਾਈ ॥ ਤਉ ਮੈ ਜਰੋ ਚਿਤਾਹਿ ਜਰਾਈ ॥ ਮੈ ਇਨ ਕਹਿ ਮੁਨਿ ਜੀਤਿ ਨ ਸਾਕਾ ॥ ਅਬ ਮੁਰ ਬਲ ਪੌਰਖ ਸਬ ਥਾਕਾ ॥ ੧੨੨ ॥ ੩੪੯ ॥ ਐਸ ਭਾਂਤ ਮਨ ਬੋਚ ਬਿਚਾਰਾ ॥ ਪ੍ਰਗਟ ਸਭਾ ਸਭ ਸੁਨਤ ਉਚਾਰਾ ॥ ਮੈ ਬਡ ਭੂਪ ਬਡੋ ਬਰਿਆਰੂ ॥ ਮੈ ਜੀਤਜੋ ਇਹ ਸਬ ਸੰਸਾਰੂ ॥ ੧੨੩ ॥ ੩੫੦ ॥ ਜਿਨ ਮੋਕੋ ਇਹ ਬਾਤ ਬਤਾਈ ॥ ਤਿਨ ਮੁਹਿ ਜਾਨੁ ਠਗਉਰੀ ਲਾਈ ॥ ਏ ਦੂ ਬੀਰ ਬਡੇ ਬਰਿਆਰਾ ॥ ਇਨ ਜੀਤੇ ਜੀਤੋ ਸੰਸਾਰਾ ॥ ੧੨੪ ॥ ੩੫੧ ॥ ਅਬ ਮੋਤੇ ਏਈ ਜਿਨਿ ਜਾਈ ॥ ਕਹਿ ਮੁਨਿ ਮੋਹਿ ਕਥਾ ਸਮਝਾਈ ॥ ਅਬ ਮੈ ਦੇਖ ਬਨਾਵੈ ਚਿਖਾ ॥ ਪੈਠੌ ਬੀਚ ਅਗਨਿ ਕੀ ਸਿਖਾ ॥ ੧੨੫ ॥ ੩੫੨ ॥ ਚਿਖਾ ਬਨਾਇ ਸਨਾਨਹਿ ਕਰਾ ॥ ਸਬ ਤਨ ਬਸਤ੍ਰ ਤਿਲੋਨਾ ਧਰਾ ॥ ਬਹੁ ਬਿਧਿ ਲੋਗ ਹਟਕਿ ਕਰਿ ਰਹਾ ॥ ਚਟਪਟ ਕਰਿ ਚਰਨਨ ਭੀਗਹਾ ॥ ੧੨੬ ॥ ੩੫੩ ॥ ਹੀਰ ਚੀਰ ਦੈ ਬਿਧ ਵਤ ਦਾਨਾ ॥ ਮੱਧਿ ਕਟਾਸ ਕਰਾ ਅਸਥਾਨਾ ॥ ਭਾਂਤ ਅਨਕ

Sri Satguru Jagjit Singh Ji eLibrary NamdhariElibrary@gmail.com

ਤਨ ਜ੍ਵਾਲ ਜਰਾਈ ॥ ਜਰਤਨ ਭਈ ਜ੍ਵਾਲਸੀਅਰਾਈ ॥ ੧੨੭ ॥ ੩੫੪ ॥
ਤੋਮਰ ਛੰਦ ॥ ਕਰਿ ਕੋਪ ਪਾਰਸ ਰਾਇ ॥ ਕਰ ਆਪ ਅਗਨਿ ਜਰਾਇ ॥
ਸੋ ਭਈ ਸੀਤਲ ਜ੍ਵਾਲ ॥ ਅਤਿ ਕਾਲ ਰੂਪ ਕਰਾਲ ॥ ੧੨੮ ॥ ੩੫੫ ॥
ਤਬ ਜੋਗ ਅਗਨਿ ਨਿਕਾਰਿ ॥ ਅਤਿ ਜ੍ਵਲਤ ਰੂਪ ਅਪਾਰਿ ॥ ਤਬ ਕੀਅਸ
ਆਪਨ ਦਾਹ ॥ ਪੁਰ ਲਖਤ ਸਾਹਨ ਸਾਹ ॥ ੧੨੯ ॥ ੩੫੬ ॥ ਤਬ ਜਗੀ
ਅਗਨਿ ਬਿਸੇਖ ॥ ਤਿਣ ਕਾਸ੍ਠ ਘਿਰਤ ਅਸੇਖ ॥ ਤਬ ਜਰਯੋ ਤਾ ਮਹਿ ਰਾਇ ॥
ਭਏ ਭਸਮ ਅਦਭੁਤ ਕਾਇ ॥ ੧੩੦ ॥ ੩੫੭ ॥ ਕਈ ਦਯੋਸ ਬਰਖ
ਪ੍ਰਮਾਨ ॥ ਸਲਜਰਾ ਜੋਰ ਮਹਾਨ ॥ ਭਈ ਭ੍ਰੂਤ ਭਸਮੀ ਦੇਹ ॥ ਧਨ ਧਾਮ
ਛਾਡਯੋ ਨੇਹ ॥ ੧੩੧ ॥ ੩੫੮ ॥

॥ ਇਤਿ ਪਾਰਸ ਨਾਥ ਸਮਾਪਤੰ ॥



੪੧੩ ਪੰਨੇ ਦੇ ਹਜਾਰੇ ਦੇ ਸ਼ਬਦਾਂ ਦੇ ਸਾਰੇ ਅਰਥ
ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ ਦੀ ਸਤਵੀਂ ਪੋਥੀ
ਸ੍ਰੀ ਦਸਮੇਸ ਬਾਣੀ ਤੋਂ ਦੇਖੋ।

Sri Satguru Jagjit Singh Ji eLibrary NamdhariElibrary@gmail.com

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਰਾਮਕਲੀ ਪਾਤਸ਼ਾਹੀ ੧੦ ॥

ਰੇ ਮਨ ਐਸੋ ਕਰਿ ਸੰਨਿਆਸਾ ॥
ਬਨ ਸੇ ਸਦਨ ਸਬੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ॥ ੧ ॥ ਰਹਾਉ ॥
ਜਤ ਕੀ ਜਟਾ ਜਗ ਕੋ ਮਜਨੁ ਨੇਮ ਕੇ ਨਖਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥ ੧ ॥
ਅਲਪ ਅਹਾਰ ਸੁਲਪਸੀ ਨਿੰਦ੍ਰਾ ਦਇਆ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥ ੨ ॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਜਾਵੈ ॥
ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹ ਪਾਵੈ॥੩॥ ੧ ॥

ਰਾਮਕਲੀ ਪਾਤਸ਼ਾਹੀ ੧੦

ਰੇ ਮਨ ਇਹ ਬਿਧ ਜੋਗ ਕਮਾਓ ॥
ਸਿੰਙੀ ਸਾਚ ਅਕਪਟ ਕੰਠਲਾ ਧਿਆਨ ਬਿਭੂਤ ਚੜਾਓ ॥ ੧ ॥ ਰਹਾਉ ॥
ਤਾਤੀ ਗਹੁ ਆਤਮ ਬਸਿ ਕਰਿ ਕੀ ਭਿਛਾ ਨਾਮ ਅਧਾਰੰ ॥
ਬਾਜੇ ਪਰਮ ਤਾਰ ਤਤ ਹਰਿ ਕੋ ਉਪਜੈ ਰਾਗ ਰਸਾਰੰ ॥ ੧ ॥
ਉਘਟੈ ਤਾਨ ਤਰੰਗ ਰੰਗ ਅਤਿ ਗਿਆਨ ਗੀਤ ਬੰਧਾਨੰ ॥
ਚਕਿ ਚਕਿ ਰਹੇ ਦੇਵ ਦਾਨਵ ਮੁਨਿ ਛਕਿ ਛਕਿ ਬਿਜੋਮ ਬਿਮਾਨੰ॥੨॥
ਆਤਮ ਉਪਦੇਸ ਭੇਸ ਸੰਜਮ ਕੋ ਜਾਪ ਸੁ ਅਜਪਾ ਜਾਪੈ ॥
ਸਦਾ ਰਹੈ ਕੰਚਨ ਸੀ ਕਾਇਆ ਕਾਲ ਨ ਕਬਹੂੰ ਬਿਆਪੈ ॥ ੩ ॥ ੨ ॥

ਰਾਮਕਲੀ ਪਾਤਸ਼ਾਹੀ ੧੦

ਪ੍ਰਾਨੀ ਪਰਮ ਪੁਰਖ ਪਗ ਲਾਗੋ ॥
ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹੋਇ ਜਾਗੋ ॥ ੧ ॥ ਰਹਾਉ ॥

Sri Satguru Jagjit Singh Ji eLibrary NamdhariElibrary@gmail.com

ਔਰਨ ਕਹਾ ਉਪਦੇਸਤ ਹੈ ਪਸੁ ਤੋਹਿ ਪ੍ਰਬੋਧ ਨ ਲਾਗੋ ॥
ਸਿੰਚਿਤ ਕਹਾਂ ਪਰੇ ਬਿਖਯਨ ਕਉ ਕਬਹੂੰ ਬਿਖੈ ਰਸਿ ਤਿਆਗੋ॥੧॥
ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ ॥
ਸੰਗ੍ਰਹੁ ਕਰੋ ਸਦਾ ਸਿਮਰਨ ਕੋ ਪਰਮ ਪਾਪ ਤਜਿ ਭਾਗੋ ॥ ੨ ॥
ਜਾਤੇ ਦੂਖ ਪਾਪ ਨਹਿ ਭੇਟੈ ਕਾਲ ਜਾਲ ਤੇ ਤਾਗੋ ॥
ਜੌ ਸੁਖ ਚਾਹੋ ਸਦਾ ਸਭਨ ਕੋ ਤੌ ਹਰਿ ਕੇ ਰਸ ਪਾਗੋ
॥ ੩ ॥ ੩ ॥

ਰਾਗ ਸੋਰਠ ਪਾਤਸ਼ਾਹੀ ੧੦

ਪ੍ਰਭ ਜੂ ਤੋ ਕਹਿ ਲਾਜ ਹਮਾਰੀ ॥
ਨੀਲ ਕੰਠ ਨਰਹਰ ਨਾਰਾਇਣ ਨੀਲ ਬਸਨ ਬਨਵਾਰੀ
॥ ੧ ॥ ਰਹਾਉ ॥
ਪਰਮ ਪੁਰਖ ਪਰਮੇਸਰ ਸ੍ਵਾਮੀ ਪਾਵਨ ਪੌਨ ਅਹਾਰੀ ॥
ਮਾਧਵ ਮਹਾ ਜੋਤ ਮਦ ਮਰਦਨ ਮਾਨ ਮੁਕੰਦ ਮੁਰਾਰੀ ॥ ੧ ॥
ਨ੍ਰਿਬਿਕਾਰ ਨਿਰਜੁਰ ਨਿੰਦ੍ਰਾ ਬਿਨ ਨਿਰਬਿਖ ਨਰਕ ਨਿਵਾਰੀ ॥
ਕ੍ਰਿਪਾ ਸਿੰਧ ਕਾਲ ਤ੍ਰੈਦਰਸੀ ਕੁਕ੍ਰਿਤ ਪ੍ਰਨਾਸਨ ਕਾਰੀ ॥ ੨ ॥
ਧਨੁਰਪਾਨ ਧ੍ਰਿਤ ਮਾਨ ਧਰਾਧਰ ਅਨਿਬਿਕਾਰ ਅਸਿਧਾਰੀ ॥
ਹੌ ਮਤਿਮੰਦ ਚਰਨ ਸਰਨਾਗਤਿ ਕਰ ਗਹਿ ਲੇਹੁ ਉਬਾਰੀ
॥ ੩ ॥ ੪ ॥

ਰਾਗ ਕਲਿਆਣ ਪਾਤਸ਼ਾਹੀ ੧੦

ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ
॥ ੧ ॥ ਰਹਾਉ ॥
ਕਹਾ ਭਜੇ ਜੋ ਆਨ ਜਗਤ ਮੈ ਦਸਕ ਅਸੁਰ ਹਰਿ ਘਾਏ ॥
ਅਧਿਕ ਪ੍ਰਪੰਚ ਦਿਖਾਇ ਸਭਨ ਕਹ ਆਪਹਿ ਬ੍ਰਹਮ ਕਹਾਏ ॥੧॥
ਭੰਜਨ ਗੜਨ ਸਮਰਥ ਸਦਾ ਪ੍ਰਭ ਸੋ ਕਿਮ ਜਾਤ ਗਿਨਾਯੋ ॥
ਤਾਤੇ ਸਰਬ ਕਾਲ ਕੇ ਅਸਿ ਕੋ ਘਾਇ ਬਚਾਇ ਨ ਆਯੋ ॥ ੨ ॥
ਕੈਸੇ ਤੋਹਿ ਤਾਰ ਹੈ ਸੁਨ ਜੜ ਆਪ ਡੁਬਿਓ ਭਵਸਾਗਰ ॥

Sri Satguru Jagjit Singh Ji eLibrary NamdhariElibrary@gmail.com

ਛੁਟਹੋ ਕਾਲ ਫਾਸ ਤੇ ਤਬ ਹੀ ਗਹੋ ਸਰਨ ਜਗਤਾਗਰ ॥ ੩ ॥ ੫ ॥

ਖਿਆਲ ਪਾਤਸ਼ਾਹੀ ੧੦ ॥

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥
ਤੁਝ ਬਿਨ ਰੋਗ ਰਜਾਈਆਂ ਦਾ ਓਢਣਨਾਗ ਨਿਵਾਸਾਂ ਦੇਰਹਿਣਾ॥
ਸੂਲ ਸੁਰਾਹੀ ਖੰਜਰ ਪਿਆਲਾ ਬਿੰਗੁ ਕਸਾਈਆਂ ਦਾ ਸਹਿਣਾ ॥
ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ ॥ ੩ ॥ ੬ ॥

ਤਿਲੰਗ ਕਾਫੀ ਪਾਤਸ਼ਾਹੀ ੧੦ ॥

ਕੇਵਲ ਕਾਲਈ ਕਰਤਾਰ ॥
ਆਦਿ ਅੰਤ ਅਨੰਤ ਮੂਰਤ ਗੜਨ ਭੰਜਨ ਹਾਰ ॥ ੧ ॥ ਰਹਾਉ ॥
ਨਿੰਦ ਉਸਤਤਿ ਜੌਨ ਕੇ ਸਮ ਸਤ੍ਰ ਮਿਤ੍ਰ ਨ ਕੋਇ ॥
ਕਉਨ ਬਾਟ ਪਰੀ ਤਿਸੈ ਪਥ ਸਾਰਥੀ ਰਥ ਹੋਇ ॥ ੧ ॥
ਤਾਤ ਮਾਤ ਨ ਜਾਤ ਜਾਕਰ ਪੁਤ੍ਰ ਪੌਤ੍ਰ ਮੁਕੰਦ ॥
ਕਉਨ ਕਾਜ ਕਹਾਹਿਗੇ ਤੇ ਆਨ ਦੇਵਕਿ ਨੰਦ ॥ ੨ ॥
ਦੇਵ ਦੈਤ ਦਿਸਾ ਵਿਸਾ ਜਿਹ ਕੀਨ ਸਰਬ ਪਸਾਰ ॥
ਕਉਨ ਉਪਮਾ ਤੌਨ ਕੋ ਮੁਖ ਲੇਤ ਨਾਮ ਮੁਰਾਰਿ ॥ ੩ ॥ ੭ ॥

ਰਾਗ ਬਿਲਾਵਲੁ ਪਾਤਸ਼ਾਹੀ ੧੦ ॥

ਸੋ ਕਿਮ ਮਾਨਸ ਰੂਪ ਕਹਾਏ ॥
ਸਿਧ ਸਮਾਧਿ ਸਾਧ ਕਰਿ ਹਾਰੇ ਕਿਉ ਹੂੰ ਨ ਦੇਖਨ ਪਾਏ ॥ ੧ ॥ ਰਹਾਉ ॥
ਨਾਰਦ ਬਿਆਸ ਪਰਾਸਰ ਧੂਅ ਸੇ ਧਿਆਵਤ ਧਿਆਨ ਲਗਾਏ ॥
ਬੇਦ ਪੁਰਾਨ ਹਾਰ ਹਠ ਛਾਡ੍ਯੋ ਤਦਪਿ ਧਿਆਨ ਨ ਆਏ ॥੧॥
ਦਾਨਵ ਦੇਵ ਪਿਸਾਚ ਪ੍ਰੇਤ ਤੇ ਨੇਤਹ ਨੇਤ ਕਹਾਏ ॥
ਸੂਛਮ ਤੇ ਸੂਛਮ ਕਰਿ ਚੀਨੇ ਬ੍ਰਿਧਨ ਬ੍ਰਿਧ ਬਤਾਏ ॥ ੨ ॥
ਭੂਮਿ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ ॥

Sri Satguru Jagjit Singh Ji eLibrary NamdhariElibrary@gmail.com

ਸੋ ਨਰ ਕਾਲ ਫਾਸ ਤੇ ਬਾਚੇ ਜੋ ਹਰਿ ਸਰਣਿ ਸਿਧਾਏ ॥ ੩ ॥ ੮ ॥

ਰਾਗੁ ਦੇਵਗੰਧਾਰੀ ਪਾਤਸ਼ਾਹੀ ੧੦ ॥

ਇਕ ਬਿਨ ਦੂਸਰ ਸੋ ਨ ਚਿਨਾਰ ॥

ਭੰਜਨ ਗੜਨ ਸਮਰਥ ਸਦਾ ਪ੍ਰਭੁ ਜਾਨਤ ਹੈ ਕਰਤਾਰ ॥ ੧ ॥ ਰਹਾਉ ॥

ਕਹਾ ਭਇਓ ਜੋ ਅਤਿ ਹਿਤ ਚਿਤ ਕਰ ਬਹੁ ਬਿਧਸਿਲਾਪੁਜਾਈ ॥
ਪਾਨ ਥਕਿਓਪਾਹਿਨ ਕਹ ਪਰਸਤ ਕਛੁਕਰਿ ਸਿਧਨ ਆਈ ॥੧॥
ਅਛਤ ਧੂਪ ਦੀਪ ਅਰਪਤ ਹੈ ਪਾਹਨ ਕਛੂ ਨ ਖੈ ਹੈ ॥
ਤਾ ਮੈ ਕਹਾ ਸਿਧ ਹੈ ਰੇ ਜੜ ਤੋਹਿ ਕਛੂ ਬਰ ਦੈ ਹੈ ॥ ੨ ॥
ਜੋ ਜੀਅ ਹੋਤ ਤੋ ਦੇਤ ਕਛੂ ਤੁਹਿ ਮਨ ਬਚ ਕਰਮ ਬਿਚਾਰ ॥
ਕੇਵਲ ਏਕ ਸਰਣਿ ਸੁਆਮੀ ਬਿਨ ਜੋ ਨਹਿ ਕਤਹਿ ਉਧਾਰ ॥ ੩ ॥ ੯ ॥

ਰਾਗ ਦੇਵਗੰਧਾਰੀ ਪਾਤਸ਼ਾਹੀ ੧੦

ਬਿਨ ਹਰਿ ਨਾਮ ਨ ਬਾਚਨ ਪੈ ਹੈ ॥
ਚੌਦਹ ਲੋਕ ਜਾਹਿ ਬਸ ਕੀਨੇ ਤਾਤੇ ਕਹਾ ਪਲੈ ਹੈ ॥ ੧॥ ਰਹਾਉ ॥
ਰਾਮ ਰਹੀਮ ਉਬਾਰ ਨ ਸਕ ਹੈ ਜਾਕਰ ਨਾਮ ਰਟੈ ਹੈ ॥
ਬ੍ਰਹਮਾ ਬਿਸਨ ਰੁਦ੍ਰ ਸੂਰਜ ਸਸਿ ਤੇ ਬਸਿ ਕਾਲ ਸਬੈ ਹੈ ॥ ੧ ॥
ਬੇਦ ਪੁਰਾਨ ਕੁਰਾਨ ਸਬੈ ਮਤ ਜਾਕਰ ਨੇਤ ਕਹੈ ਹੈ ॥
ਇੰਦ੍ਰ ਫਨਿੰਦ੍ਰ ਮੁਨਿੰਦ੍ਰ ਕਲਪ ਬਹੁ ਧਿਆਵਤਧਿਆਨ ਨ ਐਹੈ॥੨॥
ਜਾਕਰ ਰੂਪ ਰੰਗ ਨਹਿ ਜਨਿਯਤ ਸੋ ਕਿਮ ਸਯਾਮ ਕਹੈ ਹੈ ॥
ਛੁਟਹੈ ਕਾਲ ਜਾਲ ਤੇ ਤਬਹੀ ਤਾਹਿ ਚਰਨ ਲਪਟੈ ਹੈ ॥ ੩ ॥ ੧੦ ॥

Sri Satguru Jagjit Singh Ji eLibrary NamdhariElibrary@gmail.com

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸ੍ਰੀ ਮੁਖਵਾਕ ਪਾਤਸ਼ਾਹੀ ਦਸਵੀਂ

*ਸਵੱਯਾ ॥

ਜਾਗਤ ਜੋਤਿ ਜਪੈ ਨਿਸਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਯਾ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸਾ ਤਾਹਿ ਨਿਖਾਲਸ ਜਾਨੈ

॥ ੧ ॥

ਸੱਤਿ ਸਦੈਵ ਸਰੂਪ ਸਤੱਬ੍ਰਤ ਆਦਿ ਅਨਾਦਿ ਅਗਾਧ ਅਜੈ ਹੈ ॥
ਦਾਨ ਦਯਾ ਦਮ ਸੰਜਮ ਨੇਮ ਜਤੱਬ੍ਰਤ ਸੀਲ ਸੁ ਬ੍ਰਤ ਅਬੈ ਹੈ ॥
ਆਦਿ ਅਨੀਲ ਅਨਾਦਿ ਅਨਾਹਦ ਆਪ ਅਦ੍ਵੈਖ ਅਭੇਖ ਅਭੈ ਹੈ ॥
ਰੂਪ ਅਰੂਪ ਅਰੇਖ ਜਰਾਰਦਨ ਦੀਨ ਦਯਾਲ ਕ੍ਰਿਪਾਲ ਭਏ ਹੈ

॥ ੨ ॥

ਆਦ ਦ੍ਵੈਖ ਅਭੇਖ ਮਹਾ ਪ੍ਰਭ ਸੱਤਿ ਸਰੂਪ ਸੁਜੋਤ ਪ੍ਰਕਾਸ਼ੀ ॥
ਪੂਰ ਰਹਯੋ ਸਭ ਹੀ ਘਟ ਕੈ ਪਟ ਤੱਤ ਸਮਾਧਿ ਸੁਭਾਵ ਪ੍ਰਨਾਸੀ ॥
ਆਦਿ ਜੁਗਾਦਿ ਜਗਾਦਿ ਤੁਹੀ ਪ੍ਰਭ ਫੈਲ ਰਹਯੋ ਸਭਅੰਤਰਿਬਾਸੀ॥
ਦੀਨ ਦਯਾਲਕ੍ਰਿਪਾਲ ਕ੍ਰਿਪਾਕਰ ਆਦਿ ਅਜੋਨ ਅਜੈ ਅਬਿਨਾਸੀ

॥ ੩ ॥

ਆਦਿ ਅਭੇਖ ਅਛੇਦ ਸਦਾ ਪ੍ਰਭ ਬੇਦ ਕਤੇਬਨ ਭੇਦੁ ਨ ਪਾਯੋ ॥
ਦੀਨ ਦਯਾਲ ਕ੍ਰਿਪਾਲ ਕ੍ਰਿਪਾਨਿਧ ਸੱਤ ਸਦੈਵ ਸਬੈ ਘਟ ਛਾਯੋ ॥
ਸੇਸ ਸੁਰੇਸ ਗਣੇਸ ਮਹੇਸੁਰ ਗਾਹ ਫਿਰੈ ਸ੍ਰੁਤਿ ਥਾਹ ਨ ਆਯੋ ॥
ਰੇ ਮਨ ਮੂੜ ਅਗੂੜ ਇਸੋ ਪ੍ਰਭ ਤੈ ਕਿਹਿ ਕੌਜ ਕਹੋ ਬਿਸਰਾਯੋ

॥ ੪ ॥

ਅੱਚੁਤ ਆਦਿ ਅਨੀਲ ਅਨਾਹਦ ਸੱਤ ਸਰੂਪ ਸਦੈਵ ਬਖਾਨੈ ॥
ਆਦਿਅਜੋਨਿ ਅਜਾਇ ਜਰਾ ਬਿਨੁ ਪਰਮਪੁਨੀਤ ਪਰੰਪਰ ਮਾਨੈ ॥
ਸਿੱਧ ਸ੍ਵਯੰਭੁ ਪ੍ਰਸਿੱਧ ਸਬੈ ਜਗ ਏਕ ਹੀ ਠੌਰ ਅਨੇਕ ਬਖਾਨੈ ॥

---

*ਤੇਤੀ ਸਵੱਯਾਂ ਦੇ ਅਰਥ ਦਸਮੇਸ਼ ਬਾਣੀ ਵਿਚ ਪੜ੍ਹੋ।

Sri Satguru Jagjit Singh Ji eLibrary NamdhariElibrary@gmail.com

ਰੇ ਮਨਰੰਕ ਕਲੰਕ ਬਿਨਾ ਹਰਿ ਤੈ ਕਿਹ ਕਾਰਣ ਤੇ ਨ ਪਹਿਚਾਨੈ ॥

॥ ५ ॥

ਅੱਛਰ ਆਦਿ ਅਨੀਲ ਅਨਾਹਦ ਸੱਤ ਸਦੈਵ ਤੁਹੀ ਕਰਤਾਰਾ ॥
ਜੀਵ ਜਿਤੇ ਜਲ ਮੈ ਥਲ ਮੈ ਸਭ ਕੈ ਸਦ ਪੇਟ ਕੋ ਪੋਖਨਹਾਰਾ ॥
ਬੇਦ ਪੁਰਾਨ ਕੁਰਾਨ ਦੁਹੂ ਮਿਲ ਭਾਤਿ ਅਨੇਕ ਬਿਚਾਰ ਬਿਚਾਰਾ ॥
ਔਰ ਜਹਾਨ ਨਿਦਾਨ ਕਛੂ ਨਹਿ ਏ ਸੁਬਹਾਨ ਤੁਹੀ ਸਿਰਦਾਰਾ

॥ ६ ॥

ਆਦਿ ਅਗਾਧਿ ਅਛੇਦ ਅਭੇਦ ਅਲੇਖ ਅਜੇ ਅਨਾਹਦ ਜਾਨਾ ॥
ਭੂਤ ਭਵਿੱਖ ਭਵਾਨ ਤੁਹੀ ਸਬਹੂੰ ਸਬ ਠੌਰਨ ਮੋ ਮਨੁ ਮਾਨਾ ॥
ਦੇਵ ਅਦੇਵ ਮਹੀਧਰ ਨਾਰਦ ਸਾਰਦ ਸੱਤਿ ਸਦੈਵ ਪਛਾਨਾ ॥.
ਦੀਨ ਦਯਾਲ ਕ੍ਰਿਪਾ ਨਿਧਕੋ ਕਛੁ ਭੇਦ ਪੁਰਾਨਕੁਰਾਨ ਨ ਜਾਨਾ

॥ ७ ॥

ਸੱਤਿ ਸਦੈਵ ਸਰੂਪ ਸਤੱਂਬ੍ਰਿਤ ਬੇਦ ਕਤੇਬ ਤੁਹੀ ਉਪਜਾਯੋ ॥
ਦੇਵ ਅਦੇਵਨ ਦੇਵ ਮਹੀਧਰ ਭੂਤ ਭਵਾਨ ਵਹੀ ਠਹਿਰਾਯੋ ॥
ਆਦਿ ਜੁਗਾਦਿਅਨੀਲ ਅਨਾਹਦ ਲੋਕ ਅਲੋਕ ਬਿਲੋਕਨ ਪਾਯੋ ॥
ਰੇ ਮਨ ਮੂੜ ਅਗੂੜ ਇਸੋ ਪ੍ਰਭ ਤੋਹਿ ਕਹੋ ਕਿਹ ਆਨ ਸੁਨਾਯੋ

॥ ८ ॥

ਦੇਵ ਅਦੇਵ ਮਹੀਧਰ ਨਾਗਨ ਸਿੱਧ ਪ੍ਰਸਿੱਧ ਬਡੋ ਤਪੁ ਕੀਨੋ ॥
ਬੇਦ ਪੁਰਾਨ ਕੁਰਾਨ ਸਬੈ ਗੁਨ ਗਾਇ ਥਕੇ ਪੈਤੋ ਜਾਇ ਨ ਚੀਨੋ ॥
ਭੂਮ ਅਕਾਸ ਪਤਾਰ ਦਿਸਾ ਬਿਦਿਸਾ ਜਿਹਿਸੋ ਸਬ ਕੇ ਚਿਤ ਚੀਨੋ॥
ਪੂਰ ਰਹੀ ਮਹਿਮੋ ਮਹਿਮਾ ਮਨ ਮੈ ਤਿਹਿ ਆਨ ਮੁਝੈ ਕਹਿ ਦੀਨੋ

॥ ९ ॥

ਬੇਦ ਕਤੇਬ ਨ ਭੇਦ ਲਹਜੋ ਤਿਹਿ ਸਿੱਧ ਸਮਾਧਿ ਸਭੈ ਕਰਿ ਹਾਰੇ ॥
ਸਿੰਮ੍ਰਿਤਿ ਸਾਸਤ੍ਰ ਬੇਦ ਸਬੈ ਬਹੁਭਾਤਿ ਪੁਰਾਨ ਬਿਚਾਰ ਬਿਚਾਰੇ ॥
ਆਦਿ ਅਨਾਦਿ ਅਗਾਧਿ ਕਥਾਧ੍ਅਸੇ ਪ੍ਰਹਿਲਾਦ ਅਜਾਮਲਤਾਰੇ ॥
ਨਾਮੁਉਚਾਰ ਤਰੀਗਨਿਕਾ ਸੋਈ ਨਾਮੁ ਅਧਾਰ ਬਿਚਾਰ ਹਮਾਰੇ

॥ १० ॥

Sri Satguru Jagjit Singh Ji eLibrary NamdhariElibrary@gmail.com

ਆਦਿ ਅਨਾਦਿ ਅਗਾਧ ਸਦਾ ਪ੍ਰਭੁ ਸਿੱਧ ਸਰੂਪ ਸਭੋ ਪਹਿਚਾਨਜੋ॥
ਗੰਧ੍ਰਬ ਜੱਛ ਮਹੀਧਰ ਨਾਗਨ ਭੂਮ ਅਕਾਸ ਚਹੂੰ ਚਕ ਜਾਨਜੋ ॥
ਲੋਕ ਅਲੋਕ ਦਿਸਾ ਬਿਦਿਸਾ ਅਰੁ ਦੇਵ ਅਦੇਵ ਦੁਹੂੰ ਪ੍ਰਭ ਮਾਨਜੋ॥
ਚਿੱਤਅਗਿਆਨਸੁਜਾਨਸੁਯੰਭਵਕੌਨਕੀਕਾਨਿ ਨਿਦਾਨੁ ਭੁਲਾਨਜੋ

॥ ੧੧ ॥

ਕਾਹੂ ਲੈ ਠੋਕ ਬਧੇ ਉਰ ਠਾਕਰ ਕਾਹੂ ਮਹੇਸ ਕੋ ਏਸ ਬਖਾਨਜੋ ॥
ਕਾਹੂ ਕਹਜੋ ਹਰਿ ਮੰਦਰ ਮੈ ਹਰਿ ਕਾਹੂ ਮਸੀਤ ਕੈ ਬੀਚ ਪ੍ਰਮਾਨਜੋ ॥
ਕਾਹੂ ਨੇ ਰਾਮ ਕਹਜੋ ਕ੍ਰਿਸ਼ਨਾ ਕਹੁ ਕਾਹੂ ਮਨੈ ਅਵਤਾਰਨਮਾਨਜੋ ॥
ਫੋਕਟ ਧਰਮ ਬਿਸਾਰ ਸਬੈ ਕਰਤਾਰ ਹੀਕੋ ਕਰਤਾ ਜੀਅ ਜਾਨਜੋ

॥ ੧੨ ॥

ਜੋ ਕਹੋ ਰਾਮ ਅਜੋਨਿ ਅਜੈ ਅਤਿ ਕਾਹੇ ਕੋ ਕੌਸਲ ਕੁੱਖ ਜਯੋ ਜੂ ॥
ਕਾਲ ਹੂ ਕਾਨ ਕਹੇ ਜਿਹਿ ਕੋ ਕਿਹ ਕਾਰਣਕਾਲ ਤੇ ਦੀਨ ਭਯੋ ਜੂ ॥
ਸੰਤ ਸਰੂਪ ਬਿਬੈਰ ਕਹਾਇ ਸੁ ਕਯੋ ਪਥ ਕੋ ਰਥ ਹਾਂਕ ਧਯੋ ਜੂ ॥
ਤਾਹੀ ਕੋ ਮਾਨ ਪ੍ਰਭੂ ਕਰਿਕੈ ਜਿਹਿਕੋ ਕੋਊ ਭੇਦ ਨ ਲੇਨ ਲਯੋ ਜੂ

॥ ੧੩ ॥

ਕਯੋਂ ਕਹੁ ਕ੍ਰਿਸ਼ਨ ਕ੍ਰਿਪਾਨਿਧਿਹੈਕਿਹਕਾਜ ਤੇਬੱਧਕਬਾਣੁ ਲਗਾਯੋ॥
ਔਰ ਕੁਲੀਨ ਉਧਾਰਤ ਜੋ ਕਿਹ ਤੇ ਅਪਨੋ ਕੁਲ ਨਾਸੁ ਕਰਾਯੋ ॥
ਆਦਿ ਅਜੋਨਿ ਕਹਾਇ ਕਹੋ ਕਿਮ ਦੇਵਕਿ ਕੇ ਜਠਰੰਤਰ ਆਯੋ ॥
ਤਾਤ ਨ ਮਾਤ ਕਹੈ ਜਿਹ ਕੋ ਤਿਹ ਕਯੋਂ ਬਸਦੇਵਹਿ ਬਾਪੁ ਕਹਾਯੋ

॥ ੧੪ ॥

ਕਾਹੇ ਕੋ ਏਸ ਮਹੇਸਹਿ ਭਾਖਤ ਕਾਹਿ ਦਿਜੇਸ ਕੋ ਏਸ ਬਖਾਨਜੋ ॥
ਹੈਨ ਰਘੇਸ ਜਦੇਸ ਰਮਾਪਤਿ ਤੈ ਜਿਨ ਕੋ ਬਿਸ੍ਵਨਾਥ ਪਛਾਨਜੋ ॥
ਏਕ ਕੋ ਛਾਡ ਅਨੇਕ ਭਜੈ ਸੁਕਦੇਵ ਪਰਾਸਰ ਬਯਾਸ ਝੂਠਾਨਜੋ ॥
ਫੋਕਟ ਧਰਮ ਸਜੈ ਸਭ ਹੀ ਹਮ ਏਕ ਹੀ ਕੋ ਬਿਧ ਨੇਕ ਪ੍ਰਮਾਨਜੋ

॥ ੧੫ ॥

ਕੋਊ ਦਿਜੇਸ ਕੋ ਮਾਨਤ ਹੈ ਅਰੁ ਕੋਊ ਮਹੇਸ ਕੋ ਏਸ ਬਤੈ ਹੈ ॥
ਕੋਊ ਕਹੈ ਬਿਸਨੋ ਬਿਸ਼ਨਾਇਕ ਜਾਹਿ ਭਜੈ ਅਘ ਓਘ ਕਟੈ ਹੈ ॥

Sri Satguru Jagjit Singh Ji eLibrary NamdhariElibrary@gmail.com

ਬਾਰ ਹਜਾਰ ਬਿਚਾਰ ਅਰੇ ਜੜ ਅੰਤ ਸਮੈ ਸਬ ਹੀ ਤਜਿ ਜੈ ਹੈ ॥
ਤਾਹੀ ਕੋ ਧਜਾਨ ਪ੍ਰਮਾਨ ਹੀਏ ਜੋਊ ਥਾ ਅਬਹੈ ਅਰ ਆਗੈ ਊਹੈ ਹੈ
॥ ੧੬ ॥
ਕੋਟਕ ਇੰਦ੍ਰ ਕਰੇ ਜਿਹ ਕੇ ਕਈ ਕੋਟ ਉਪਿੰਦ੍ਰ ਬਨਾਇ ਖਪਾਜੇ ॥
ਦਾਨਵ ਦੇਵ ਫਨਿੰਦ੍ਰ ਧਰਾਧਰ ਪੱਛ ਪਸੂ ਨਹਿ ਜਾਤਿ ਗਨਾਜੇ ॥
ਆਜ ਲਗੇ ਤਪੁ ਸਾਧਤ ਹੈ ਸਿਵ ਊ ਬ੍ਰਹਮਾ ਕਛੁ ਪਾਰ ਨ ਪਾਜੇ ॥
ਬੇਦ ਕਤੇਬ ਨ ਭੇਦ ਲਖਜੋ ਜਿਹ ਸੋਊ ਗੁਰੂ ਗੁਰ ਮੋਹਿ ਬਤਾਜੋ
॥ ੧੭ ॥
ਧਜਾਨ ਲਗਾਇ ਠਗਜੋ ਸਬ ਲੋਗਨ ਸੀਸ ਜਟਾਨਖ ਹਾਥਬਢਾਏ॥
ਲਾਇ ਬਿਭੂਤ ਫਿਰਜੋ ਮੁਖ ਊਪਰ ਦੇਵ ਅਦੇਵ ਸਬੈ ਡਹਿਕਾਏ ॥
ਲੋਭਕੇ ਲਾਗੈ ਫਿਰਜੋ ਘਰ ਹੀ ਘਰ ਜੋਗਕੇ ਨਜਾਸ ਸਬੈਬਿਸਰਾਏ॥
ਲਾਜ ਗਈ ਕਛੁ ਕਾਜੁ ਸਰਜੋ ਨਹਿ ਪ੍ਰੇਮ ਬਿਨਾਪ੍ਰਭੁ ਪਾਨਨ ਆਏ
॥ ੧੮ ॥
ਕਾਹੇ ਕੋ ਡਿੰਭ ਕਰੈ ਮਨ ਮੂਰਖ ਡਿੰਭ ਕਰੈ ਅਪਨੀ ਪਤਿ ਖੈ ਹੈ ॥
ਕਾਹਿ ਕੋ ਲੋਕ ਠਗੋ ਠਗ ਲੋਗਨਿ ਲੋਗ ਗਜੋ ਪਰਲੋਗ ਗਵੈ ਹੈ ॥
ਦੀਨ ਦਜਾਲ ਕੀ ਠੌਰ ਜਹਾਂ ਤਿਹ ਠੌਰ ਬਿਖੈ ਤੁਹਿ ਠੌਰ ਨ ਐਹੈ ॥
ਚੇਤ ਰੇ ਚੇਤ ਅਚੇਤ ਮਹਾਂ ਜੜ ਭੇਖ ਕੇ ਕੀਨੇ ਅਲੇਖ ਨ ਪੈ ਹੈ
॥ ੧੯ ॥
ਕਾਹੇ ਕੋ ਪੂਜਤ ਪਾਹਨ ਕੌ ਕਛ ਪਾਹਨ ਮੈ ਪਰਮੇਸਰ ਨਾਹੀ ॥
ਤਾਹਿ ਕੋ ਪੂਜ ਪ੍ਰਭੂ ਕਰਕੈ ਜਿਹ ਪੂਜਤ ਹੀ ਅਘ ਓਘ ਮਿਟਾਹੀ ॥
ਆਧਿ ਬਿਆਧਿ ਕੇ ਬੰਧਨ ਜੇਤਕ ਨਾਮ ਕੇ ਲੇਤ ਸਬੈ ਛੁਟਿਜਾਹੀ॥
ਤਾਹੀ ਕੋ ਧਜਾਨ ਪ੍ਰਮਾਨ ਸਦਾ ਇਨ ਫੋਕਟ ਧਰਮ ਕਰੇ ਫਲ ਨਾਹੀ
॥ ੨੦ ॥
ਫੋਕਟ ਧਰਮ ਭਜੋ ਫਲ ਹੀਨ ਜੁ ਪੂਜ ਸਿਲਾ ਜੁਗਿ ਕੋਟ ਗਵਾਈ ॥
ਸਿੱਧ ਕਹਾਂ ਸਿਲ ਕੇ ਪਰਸੇ ਬਲ ਬੁੱਧ ਘਟੀ ਨਵਨਿੱਧ ਨ ਪਾਈ॥
ਆਜੁ ਹੀ ਆਜੁ ਸਮੋਜੁ ਬਿਤਜੋਨਹਿ ਕਾਜਸਰਜੋਕਛੁਲਾਜ ਨ ਆਈ ॥

Sri Satguru Jagjit Singh Ji eLibrary NamdhariElibrary@gmail.com

ਸ੍ਰੀ ਭਗਵੰਤ ਭਜਜੋ ਨ ਅਰੇ ਜੜ ਐਸੋ ਹੀ ਐਸ ਸੁ ਬੈਸ ਬਿਤਾਈ

॥ ੨੧ ॥

ਜੌ ਜੁਗ ਤੈ ਕਰ ਹੈ ਤਪਸਾ ਕਛੁ ਤੋਹਿ ਪ੍ਰਸੰਨ ਨ ਪਾਹਨ ਕੈ ਹੈ ॥
ਹਾਥ ਉਠਾਇਭਲੀ ਬਿਧ ਸੋ ਜੜਤੋਹਿ ਕਛੂ ਬਰਦਾਨੁ ਨ ਦੈ ਹੈ ॥
ਕੌਨ ਭਰੋਸ ਭਜਾ ਇਹ ਕੋ ਕਹੁ ਭੀਰ ਪਰੀ ਨਹਿ ਆਨ ਬਚੈ ਹੈ ॥
ਜਾਨੁ ਰੇ ਜਾਨੁ ਅਜਾਨ ਹਠੀ ਇਹ ਫੋਕਟ ਧਰਮ ਸੁਭਰਮਗਵੈ ਹੈ

॥ ੨੨ ॥

ਜਾਲ ਬਧੇ ਸਭ ਹੀ ਮ੍ਰਿਤ ਕੇ ਕੋਊ ਰਾਮ ਰਸੂਲ ਨ ਬਾਚਨ ਪਾਏ ॥
ਦਾਨਵ ਦੇਵ ਫਨਿੰਦ ਧਰਾਧਰ ਭੂਤ ਭਵਿੱਖ ਉਪਾਇ ਮਿਟਾਏ ॥
ਅੰਤ ਮਰੇ ਪਛੁਤਾਇ ਪ੍ਰਿਥੀ ਪਰ ਜੇ ਜਗ ਮੈ ਅਵਤਾਰ ਕਹਾਏ ॥
ਰੇਮਨ ਲੈਲ ਇਕੇਲਹੀ ਕਾਲਕੇ ਲਾਗਤ ਕਾਹਿ ਨ ਪਾਇਨ ਧਾਏ

॥ ੨੩ ॥

ਕਾਲ ਹੀ ਪਾਇ ਭਜੋ ਬ੍ਰਹਮਾ ਗਹਿ ਦੰਡ ਕਮੰਡਲ ਭੂਮ ਭ੍ਰਮਾਨਜੋ ॥
ਕਾਲ ਹੀ ਪਾਇ ਸਦਾਸਿਵ ਜੂਸਭ ਦੇਸ ਬਦੇਸ ਭਜਾ ਹਮ ਜਾਨਜੋ ॥
ਕਾਲਹੀਪਾਇਭਜੋਮਿਟਗਜੋਜਗ ਯਾਹੀਤੇਤਾਹਿ ਸਬੋ ਪਹਿਚਾਨਜੋ ॥
ਬੇਦ ਕਤੇਬ ਕੇ ਭੇਦ ਸਭੈ ਤਜ ਕੇਵਲ ਕਾਲ ਕ੍ਰਿਪਾਨਿਧ ਮਾਨਜੋ

॥ ੨੪ ॥

ਕਾਲ ਗਜੋਇਨ ਕਾਮਨਸਜੋਂਜੜਕਾਲ ਕ੍ਰਿਪਾਲ ਹੀਐਨਚਿਤਾਰਜੋ ।
ਲਾਜ ਕੋ ਛਾਡ ਨਿ੍ਲਾਜ ਅਰੇ ਜੜਕਾਜਅਕਾਜਕੋ ਕਾਜ ਸਵਾਰਜੋ ।
ਬਾਜ ਬਨੇ ਗਜਰਾਜ ਬਡੇ ਖਰ ਕੋ ਚੜਿਬੋ ਚਿਤ ਬੀਚ ਬਿਚਾਰਜੋ
ਸ੍ਰੀਭਗਵੰਤ ਭਜਜੋ ਨਅਰੇ ਜੜ ਲਾਜ ਹੀ ਲਾਜ ਤੈਕਾਜ ਬਿਗਾਰਜੋ

॥ ੨੫ ॥

ਬੇਦ ਕਤੇਬ ਪੜੇ ਬਹੁਤੇ ਦਿਨ ਭੇਦ ਕਛੂ ਤਿਨ ਕੋ ਨਹਿ ਪਾਯੋ ॥
ਪੂਜਤ ਠੌਰ ਅਨੇਕ ਫਿਰਯੋ ਪਰ ਏਕ ਕਬੈ ਹੀਯ ਮੈ ਨ ਬਸਾਯੋ ॥
ਪਾਹਨ ਕੋ ਅਸਥਾਲਯ ਕੋਸਿਰਨਜਾਇ ਫਿਰਯੋ ਕਛੁਹਾਥਨਆਯੋ ॥
ਰੇ ਮਨ ਮੂੜ ਅਗੂੜ ਪ੍ਰਭੂ ਤਜਿ ਆਪਨ ਹੂੜ ਕਹਾ ਉਰਝਾਯੋ

॥ ੨੬ ॥

Sri Satguru Jagjit Singh Ji eLibrary NamdhariElibrary@gmail.com

ਜੌ ਜੁਗੀਆਨ ਕੇ ਜਾਇ ਉਠ ਆਸ਼ੁਮਗੋਰਖਕੋ ਤਿਹਜਾਪ ਜਪਾਵੈ॥
ਜਾਇ ਸੰਨਜਾਸਨ ਕੇ ਤਿਹ ਕੋ ਕਹਿਦੱਤ ਹੀ ਸੱਤ ਹੈਮੰਤ੍ਰ ਦ੍ਰਿੜਾਵੈ ॥
ਜੌ ਕੋਊ ਜਾਇ ਤੁਰੱਕਨ ਮੈ ਮਹਿਦੀਨਕੇ ਦੀਨ ਤਿਸੇ ਗਹ ਲਜਾਵੈ ॥
ਆਪਹਿ ਬੀਚ ਗਨੈ ਕਰਤਾ ਕਰਤਾਰ ਕੋ ਭੇਦੁ ਨ ਕੋਊ ਬਤਾਵੈ

॥ ੨੭ ॥

ਜੌ ਜੁਗੀਆਨ ਕੇ ਜਾਇਕਹੈ ਸਭ ਜੋਗਨ ਕੋ ਗ੍ਰਹ ਮਾਲ ਉਠੈ ਦੈ॥
ਜੌ ਪਰੋ ਭਾਜ ਸਨਜਾਸਨ ਦੈ ਕਹੈ ਦੱਤ ਕੇ ਨਾਮ ਪੈ ਧਾਮਲੁਟੈ ਦੈ ॥
ਜੌ ਕਰ ਕੋਊ ਮਸੰਦਨ ਸੋ ਕਹੈਸ੍ਰਬਦਰਬ ਲੈ ਮੋਹਿ ਅਬੈਦੈ॥
ਲੇਉ ਹੀ ਲੇਉ ਕਹੈ ਸਬ ਕੋਨਰ ਕੋਊ ਨ ਬ੍ਰਹਮ ਬਤਾਇ ਹਮੈ ਦੈ

॥ ੨੮ ॥

ਜੌ ਕਰ ਸੇਵ ਮਸੰਦਨ ਕੀ ਕਹੈ ਆਨ ਪ੍ਰਸਾਦਿ ਸਬੈ ਮੋਹਿ ਦੀਜੈ ॥
ਜੌ ਕੁਛ ਮਾਲ ਤਵਾਲਯ ਸੋ ਅਬ ਹੀ ਉਠ ਭੇਟ ਹਮਾਰੀ ਹੀ ਕੀਜੈ ॥
ਮੇਰੋ ਹੀ ਧਯਾਨ ਧਰੋ ਨਿਸਬਾਸੁਰਭੂਲ ਕੈ ਔਰਕੋ ਨਾਮੁ ਨ ਲੀਜੈ ॥
ਦੀਨੇ ਕੋਨਾਮ ਸੁਨੇਭਜਿਰਾਤਹਿ ਲੀਨੇ ਬਿਨਾ ਨਹਿਨੈਕ ਪ੍ਰਸੀਜੈ

॥ ੨੯ ॥

ਆਂਖਿਨ ਭੀਤਰ ਤੇਲ ਕੋ ਡਾਰ ਸੁ ਲੋਗਨ ਨੀਰੁ ਬਹਾਇ ਦਿਖਾਵੈ॥
ਜੌ ਧਨਵਾਨੁ ਲਖੈ ਨਿਜ ਸੇਵਕ ਤਾਹੀ ਪਰੋਸ ਪ੍ਰਸਾਦਿ ਜਿਮਾਵੈ ॥
ਜੌ ਧਨ ਹੀਨ ਲਖੈ ਤਿਹ ਦੇਤ ਨ ਮਾਂਗਨ ਜਾਤ ਮੁਖੋਂ ਨ ਦਿਖਾਵੈ ॥
ਲ੍ਹੂਟਤ ਹੈ ਪਸੁ ਲੋਗਨ ਕੋ ਕਬਹੂੰ ਨ ਪ੍ਰਮੇਸਰ ਕੇ ਗੁਨ ਗਾਵੈ

॥ ੩੦ ॥

ਆਂਖਿਨ ਮੀਚ ਰਹੈ ਬਕ ਕੀ ਜਿਮ ਲੋਗਨ ਏਕ ਪ੍ਰਪੰਚ ਦਿਖਾਜੋ ॥
ਨਜਾਤਫਿਰਜੋਸਿਰਬੱਧਕਜਜੋਂਅਸਧਜਾਨਬਿਲੋਕਬਿਝਾਲਲਜਾਜੋ ॥
ਲਾਗ ਫਿਰਜੋ ਧਨ ਆਸ ਜਿਤੈਤਿਤਲੋਗ ਗਜੋ ਪਰਲੋਗ ਗਵਾਜੋ ॥
ਸ੍ਰੀ ਭਗਵੰਤ ਭਜਜੋ ਨਅਰੇ ਜੜਧਾਮ ਕੇ ਕਾਮ ਕਹਾਂ ਉਰਝਾਜੋ

॥ ੩੧ ॥

ਫੋਕਟ ਕਰਮ ਦ੍ਰਿੜਾਤ ਕਹਾਇਨ ਲੋਗਨ ਕੌ ਕੋਈ ਕਾਮ ਨ ਐ ਹੈ ॥
ਭਾਜਤ ਨਾ ਧਨ ਹੇਤ ਅਹੇ ਜਮ ਕਿੰਕਰ ਤੇ ਨਹਿ ਭਾਜਨ ਪੈ ਹੈ ॥

Sri Satguru Jagjit Singh Ji eLibrary NamdhariElibrary@gmail.com

ਪੁਤ੍ਰ ਕਲਿੱਤ੍ਰ ਨ ਮਿੱਤ੍ਰ ਸਬੈ ਉਹਾਂ ਸਿਖ ਸਖਾ ਕੋਊ ਸਾਖ ਨ ਦੈ ਹੈ ॥
ਚੇਤ ਰੇ ਚੇਤ ਅਚੇਤ ਮਹਾਂਪਸੁ ਅੰਤ ਕੀ ਬਾਰ ਅਕੇਲੋ ਹੀ ਜੈ ਹੈ ॥

॥ ੩੨ ॥

ਤੋ ਤਨ ਤਜਾਗਤ ਹੀ ਸੁਨ ਰੇ ਜੜ ਪ੍ਰੇਤ ਬਖਾਨ ਤ੍ਰਿਆ ਭਜ ਜੈ ਹੈ ॥
ਪੁੱਤ੍ਰ ਕਲਿੱਤ੍ਰ ਸੁਮਿੱਤ੍ਰ ਸਖਾ ਇਹ ਬੇਗ ਨਿਕਾਰਹੁ ਆਇਸ ਦੈ ਹੈ ॥
ਭੌਨ ਭੰਡਾਰ ਧਰਾ ਗੜ ਜੇਤਕ ਛਾਡਤ ਪ੍ਰਾਨ ਬਗਾਨ ਕਹੈ ਹੈ ॥
ਚੇਤ ਰੇ ਚੇਤ ਅਚੇਤ ਮਹਾਂ ਪਸੁ ਅੰਤ ਕੀ ਬਾਰ ਅਕੇਲੋ ਹੀ ਜੈ ਹੈ

॥ ੩੩ ॥

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥
*ਪਾਲਸੇ ਦੀ ਮਹਿੰਮਾ ਦੇ ਸਵੱਯੇ ਸ੍ਰੀ ਮੁਖਵਾਕ ਪਾਤਸ਼ਾਹੀ ੧੦

ਜੋ ਕਿਛੁ ਲੇਖ ਲਿਖਜੋ ਬਿਧਨਾ ਸੋਈ ਪਾਯਤ ਮਿਸ੍ਰ ਜੂ ਸੋਕਨਿਵਾਰੋ॥
ਮੇਰੋ ਕਛੂ ਅਪਰਾਧੁ ਨਹੀ ਗਜੋ ਯਾਦ ਤੇ ਭੂਲ ਨ ਕੋਪੁ ਚਿਤਾਰੋ ॥
ਬਾਗੋ ਨਿਹਾਲੀ ਪਠੈ ਦੈਹੋ ਆਜ ਭਲੇ ਤੁਮ ਕੋ ਨਿਹਚੈ ਜੀਅਧਾਰੋ॥
ਛੱਤ੍ਰੀ ਸਭੈ ਕ੍ਰਿਤ ਬਿੱਪ੍ਰਨ ਕੇ ਇਨਹੂ ਪੈ ਕਟਾਛ ਕ੍ਰਿਪਾਕੈ ਨਿਹਾਰੋ॥੧॥
ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨਕਰੇ॥
ਅਘਓਘ ਟਰੇਇਨਹੀਕੇ ਪ੍ਰਸਾਦਿਇਨਹੀ ਕੀ ਕ੍ਰਿਪਾ ਫੁਨ ਧਾਮਭਰੇ॥
ਇਨਹੀਕੇਪ੍ਰਸਾਦਿਸੁਵਿੱਦਿਆਲਈਇਨਹੀਕੀਕ੍ਰਿਪਾਸਭ ਸੱਤ੍ਰੂ ਮਰੇ॥
ਇਨਹੀ ਕੀ ਕ੍ਰਿਪਾਕੇ ਸਜੇ ਹਮ ਹੈਂਨਹੀ ਮੋਸੇ ਗਰੀਬ ਕਰੋਰੁ ਪਰੇ॥੨॥
ਸੇਵ ਕਰੀ ਇਨਕੀ ਮਨ ਭਾਵਤ ਔਰ ਕੀ ਸੇਵ ਸੁਹਾਤ ਨ ਜੀ ਕੋ ॥
ਦਾਨ ਦਯੋ ਇਨ ਹੀ ਕੋ ਭਲੋ ਅਰ ਆਨ ਕੋ ਦਾਨਨਲਾਗਤ ਨੀਕੋ॥
ਆਗੇ ਫਲੇ ਇਨ ਹੀ ਕੋ ਦਯੋ ਜਗ ਮੈ ਜਸ ਔਰ ਦਯੋ ਸਭ ਫੀਕੋ॥
ਮੋ ਗ੍ਰਹ ਮੈ ਤਨ ਤੇ ਮਨ ਤੇ ਸਿਰ ਲੌ ਧਨ ਹੈ ਸਭ ਹੀ ਇਨ ਹੀਕੋ॥੩॥
ਦੋਹਰਾ ॥ ਚਟ ਪਟਾਇ ਚਿਤ ਮੈ ਜਰਜੋ ਤ੍ਰਿਣ ਜਜੋਂ ਕ੍ਰੱਧਤ ਹੋਇ ॥
ਖੋਜ ਰੋਜ ਕੇ ਹੇਤ ਲਗ ਦਯੋ ਮਿਸਰ ਜੂ ਰੋਇ ॥੪॥

*ਇਹਨਾਂ ਦੀ ਉਥਾਨਕਾ ਤੇ ਅਰਥ ਦਸਮੇਸ਼ ਬਾਣੀ ਵਿਚ ਪੜ੍ਹੋ।

Sri Satguru Jagjit Singh Ji eLibrary NamdhariElibrary@gmail.com

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ ॥

ਸ੍ਰੀ ਭਗਉਤੀ ਜੀ ਸਹਾਇ ॥ ਅਥ ਸ੍ਰੀ ਸਸਤ੍ਰ ਨਾਮ ਮਾਲਾ ਪੁਰਾਣ ਲਿਖਯਤੇ ॥ ਪਾਤਿਸਾਹੀ ੧੦ ॥ ਸਾਂਗ ਸਰੋਹੀ ਸੈਫ ਅਸ ਤੀਰ ਤੁਪਕ ਤਰਵਾਰ ॥ ਸੰਤ੍ਰਾਂਤਕ ਕਵ ਚਾਂਤਿ ਕਰ ਕਰੀਐ ਰੱਛ ਹਮਾਰ ॥ ੧ ॥ ਅਸ ਕ੍ਰਿਪਾਨ ਧਾਰਾ ਧਰੀ ਸੈਫ ਸੂਲ ਜਮਦਾਢ ॥ ਕਵਚਾਂਤਕ ਸਤ੍ਰਾਂਤ ਕਰ ਤੇਗ ਤੀਰ ਧਰ ਬਾਢ ॥ ੨ ॥ ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥ ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥ ੩ ॥ ਤੀਰ ਤੁਹੀ ਸੈਥੀ ਤੁਹੀਂ ਤੁਹੀ ਤਬਰ ਤਰਵਾਰ ॥ ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ ॥ ੪ ॥ ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰੁ ਤੀਰ ॥ ਤੁਹੀ ਨਿਸਾਨੀ ਜੀਤ ਕੀ ਆਜੁ ਤੁਹੀ ਜਗ ਬੀਰ ॥ ੫ ॥ ਤੁਹੀ ਸੂਲ ਸੈਥੀ ਤਬਰ ਤੂੰ ਨਿਖੰਗ ਅਰੁ ਬਾਨ ॥ ਤੁਹੀ ਕਟਾਰੀ ਸੈਲ ਸਭ ਤੁਮਹੀ ਕਰਦ ਕ੍ਰਿਪਾਨ ॥ ੬ ॥ ਸਸਤ੍ਰ ਅਸਤ੍ਰ ਤੁਮ ਹੀ ਸਿਪਰ ਤੁਮਹੀ ਕਵਚ ਨਿਖੰਗ ॥ ਕਵਚਾਂਤਕ ਤੁਮਹੀ ਬਨੇ ਤੁਮ ਬਜਾਪਕ ਸਰਬੰਗ ॥ ੭ ॥ ਸ੍ਰੀ ਤੂੰ ਸਭ ਕਾਰਨ ਤੁਹੀ ਤੂੰ ਬਿੱਦਜਾ ਕੋ ਸਾਰ ॥ ਤੁਮ ਸਭ ਕੋ ਉਪਰਾਜਹੀ ਤੁਮਹੀ ਲੇਹੁ ਉਬਾਰ ॥ ੮ ॥

ਸਾਂਗ=ਬਰਛੀ। ਸਰੋਹੀ=ਤਲਵਾਰ। ਸੈਫ=ਲੰਮੀ ਅਤੇ ਸਿੱਧੀ ਤਲਵਾਰ। ਅਸ=ਤਲਵਾਰ। ਤੁਪਕ=ਬੰਦੂਕ, ਵੈਰੀਆਂ ਦਾ ਨਾਸ ਕਰਨ ਵਾਲੀ, ਸੰਜੋਆਂ ਦਾ ਅੰਤ ਕਰਨ ਵਾਲੀ ਭਾਵ ਲੋਹੇ ਦੀ ਸੰਜੋਆਂ ਨੂੰ ਤੋੜਨ ਵਾਲੀ ਹੈ ਤਲਵਾਰ ਸਾਡੀ ਰੱਖਿਆ ਕਰੇ। ੧. ਅਸੀ ਤੇ ਕ੍ਰਿਪਾਨ ਦੋਵੇਂ ਨਾਮ ਤਲਵਾਰ ਦੇ ਹਨ ਜੋ ਧਾਰਾ ਦੇ ਧਾਰਨ ਵਾਲੀ ਵੀ ਤਲਵਾਰ ਹੈ, ਸੈਫ=ਲੰਮੀ ਅਤੇ ਸਿੱਧੀ ਤਲਵਾਰ, ਸੂਲ=ਤ੍ਰਿਸੂਲ ਵਰਗੀ, ਜਮਦਾੜ=ਕਟਾਰ। ਸੰਜੋਆਂ ਦਾ ਨਾਸ ਕਰਨ ਵਾਲੀ ਅਤੇ ਵੈਰੀ ਦਾਂ ਅੰਤ ਕਰਨ ਵਾਲੀ, ਤੇਗ=ਤਲਵਾਰ, ਤੀਰ=ਬਾਣ ਅਤੇ ਬਾੜ=ਬਾਢ ਦੇ ਧਾਰਨ ਵਾਲੀ ਭਾਵ ਵਾਢੀ ਕਰਨ ਵਾਲੀ।

੨. ਇਹ ਦੋਵੇਂ ਨਾਮ ਤਲਵਾਰ ਦੇ ਹਨ, ਖੰਡਾ ਅਤੇ ਤਲਵਾਰ, ਬੰਦੂਕ, ਤਬਰ=ਛਵੀ ਦੀ ਤਰਾਂ ਦਾ ਸ਼ਸਤ੍ਰ ਹੈ ਲੰਮੀ ਅਤੇ ਸਿੱਧੀ ਤਲਵਾਰ, ਇਹ ਸਾਡੇ ਪੀਰ ਹਨ। ੩. ਸੈਥੀ=ਬਰਛੀ। ਤਬਰ=ਛਵੀ ਦੀ ਤਰਾਂ ਦਾ ਸ਼ਸਤ੍ਰ ਹੈ। ਸਿੰਧ ਭਵ=ਸੰਸਾਰ ਸਮੁੰਦ੍ਰ ਤੋਂ ਪਾਰ ਹੋ ਗਏ ਹਨ। ੪. ਅਕਾਲ ਪੁਰਖ ਵੀ ਤੂੰ ਹੈਂ ਤੇ ਅਕਾਲ ਪੁਰਖ ਦੀ ਸ਼ਕਤੀ ਵੀ ਤੂੰ ਹੀ ਹੈਂ। ਜਗਤ ਵਿਚ ਸੂਰਬੀਰ ਵੀ ਤੂੰ ਹੀ ਹੈਂ। ੫. ਤ੍ਰਿਸੂਲ, ਬਰਛੀ, ਛਵੀ ਨਿਖੰਗ=ਭੱਥਾ ਜਿਸਦੇ ਵਿਚ ਤੀਰ ਰੱਖੀਦੇ ਹਨ। ਸੈਲ=ਨੇਜਾ। ੬. ਨੇੜੇ ਮਾਰ ਕਰਨ ਵਾਲੇ ਸ਼ਸਤ੍ਰ ਹੁੰਦੇ ਹਨ ਅਤੇ ਦੂਰ ਮਾਰ ਕਰਨ ਵਾਲੇ ਅਸਤ੍ਰ ਹੁੰਦੇ ਹਨ। ਸਿਪਰ=ਢਾਲ। ਸੰਜੋਅ=ਭੱਥਾ। ਸੰਜੋਆਂ ਦਾ ਅੰਤ ਕਰਨ ਵਾਲੀ। ਸਾਰੇ ਅੰਗਾਂ ਵਿਚ। ੭. ਸਾਰ=ਨਿਚੋੜ, ਸਿੱਟਾ। ਤੂੰ ਹੀ ਸਾਰਿਆਂ ਨੂੰ ਪੈਦਾ ਕਰਦੀ ਹੈਂ ਅਤੇ ਤੂੰ ਹੀ ਸਾਰਿਆਂ ਨੂੰ ਬਚਾਉਂਦੀ ਹੈਂ।

੮. ਰਜਨੀ=ਰਾਤ। ਉਪਾਇ=ਪੈਦਾ ਕਰਨਾ। ਤਮਾਸ਼ਾ ਵੇਖਣ ਵਾਸਤੇ ਸਾਰਿਆਂ ਜੀਆਂ ਵਿਚ ਝਗੜੇ ਵਧਾ ਦੇਂਦੀ ਹੈਂ।

Sri Satguru Jagjit Singh Ji eLibrary NamdhariElibrary@gmail.com

ਤੁਮਹੀ ਦਿਨ ਰਜਨੀ ਤੁਹੀ ਤੁਮਹੀ ਜੋਅਨ ਉਪਾਇ ॥ ਕਉਤਕ ਹੈਰਨ ਕੇ ਨਮਿਤ ਤਿਨ ਮੋਂ ਬਾਦ ਬਢਾਇ ॥ ੯ ॥ ਅਸ ਕ੍ਰਿਪਾਨ ਖੰਡੋ ਖੜਗ ਸੈਫ ਤੇਗ ਤਰਵਾਰ ॥ ਰੱਛ ਕਰੋ ਹਮਰੀ ਸਦਾ ਕਵਚਾਂਤਕ ਕਰਵਾਰ ॥ ੧੦ ॥ ਤੁਹੀਂ ਕਟਾਰੀ ਦਾੜ੍ਹ ਜਮ ਤੂੰ ਬਿਛੂਓ ਅਰੁ ਬਾਨ ॥ ਤੋਪਤਪਦ ਜੇ ਲੀਜੀਐ ਰੱਛ ਦਾਸ ਮੁਹਿ ਜਾਨੁ ॥ ੧੧ ॥ ਬਾਂਕ ਬਜ੍ਰ ਬਿਛੂਓ ਤੁਹੀਂ ਤੁਹੀਂ ਤਬਰ ਤਰਵਾਰ ॥ ਤੁਹੀਂ ਕਟਾਰੀ ਸੈਹਥੀ ਕਰੀਐ ਰੱਛ ਹਮਾਰ ॥ ੧੨ ॥ ਤੁਮਹੀਂ ਗੁਰਜ ਤੁਮਹੀ ਗਦਾ ਤੁਮਹੀਂ ਤੀਰ ਤਫੰਗ ॥ ਦਾਸ ਜਾਨ ਮੋਰੀ ਸਦਾ ਰੱਛ ਕਰੋ ਸਰਬੰਗ ॥ ੧੩ ॥ ਛੁਰੀ ਕਲਮ ਰਿਪ ਕਰਦ ਭਨਿ ਖੰਜਰ ਬੁਗਦਾਨਾਇ ॥ ਅਰਧ ਰਿਜਕ ਸਭ ਜਗਤ ਕੋ ਮੁਹਿ ਤੁਮ ਲੇਹੁ ਬਚਾਇ ॥ ੧੪ ॥ ਪ੍ਰਿਥਮ ਉਪਾਵਹੁ ਜਗਤ ਤੁਮ ਤੁਮਹੀਂ ਪੰਥ ਬਨਾਇ ॥ ਆਪ ਤੁਹੀ ਝਗਰਾ ਕਰੋ ਤੁਮਹੀ ਕਰੋ ਸਹਾਇ ॥ ੧੫ ॥ ਮੱਛ ਕੱਛ ਬਾਰਾਹ ਤੁਮ ਤੁਮ ਬਾਵਨ ਅਵਤਾਰ ॥ ਨਾਰ ਸਿੰਘ ਬਉਧਾ ਤੁਹੀਂ ਤੁਹੀਂ ਜਗਤ ਕੋ ਸਾਰ ॥ ੧੬ ॥ ਤੁਹੀਂ ਰਾਮ ਸ੍ਰੀ ਕ੍ਰਿਸਨ ਤੁਮ ਤੁਹੀਂ ਬਿਸਨ ਕੋ ਰੂਪ ॥ ਤੁਹੀਂ ਪੂਜਾ ਸਭ ਜਗਤ ਕੀ ਤੁਹੀ ਆਪ ਹੋ ਭੂਪ ॥ ੧੭ ॥ ਤੁਹੀਂ ਬਿਪ੍ਰ ਛਤ੍ਰੀ ਤੁਹੀਂ ਤੁਹੀਂ ਹੈਕ ਅਰੁ ਰਾਉ ॥ ਸਾਮ ਦਾਮ ਅਰੁ ਡੰਡ ਤੂੰ ਤੁਮਹੀ ਭੇਦ ਉਪਾਉ ॥ ੧੮ ॥ ਸੀਸ ਤੁਹੀਂ ਕਾਯਾ ਤੁਹੀਂ ਤੈ ਪ੍ਰਾਨੀ ਕੇ ਪ੍ਰਾਨ ॥ ਤੈਂ ਬਿਦਜਾ ਜਗ ਬਕਤ੍ਰ ਹੁਇ ਕਰੇ ਬੇਦ ਬਖਜਾਨ ॥ ੧੯ ॥ ਬਿਸਿਖ ਬਾਨ ਧਨੁਖਾਗ੍ ਭਨ ਸਰ ਕੈਬਰ ਜਿਹਨਾਮ ॥ ਤੀਰ ਖਤੰਗ ਤਤਾਰਚੇ ਸਦਾ ਕਰੋ ਮਮਕਾਮ ॥ ੨੦ ॥ ਤੈਣੀਰਾ ਲੈ ਸਤ੍ ਅਰਿ ਮ੍ਰਿਗ

---

੯. ਕਵਚਾਂਤਕ=ਸੰਜੋਆਂ ਦਾ ਨਾਸ ਕਰਨ ਵਾਲੀ ਤਲਵਾਰ।

੧੦. ਪਤਿ=ਤੂੰ ਜੋ ਸਾਡੀ ਮਾਲਕ ਹੈਂ ਜਾਂ ਤੇਰਾ ਜੇਹੜਾ ਮਾਲਕ ਅਕਾਲ ਪੁਰਖ ਹੈ, ਜੇ ਉਸਦੇ ਚਰਨਾਂ ਦਾ ਆਸਰਾ ਲਈਏ ਤਾਂ ਮੈਂ ਦਾਸ ਅਪਣੀ ਰੱਖਿਆ ਜਾਣਦਾ ਹਾਂ। ੧੧. ਬਾਂਕ=ਇਕ ਹਥਿਆਰ ਦਾ ਨਾਮ ਹੈ। ਬਜਰ=ਕੁਹਾੜਾ। ਤਬਰ=ਛਵੀ। ੧੨. ਗੁਰਜ ਅਰ ਗਦਾ ਇਹ ਵੀ ਦੋਵੇਂ ਹਥਿਆਰਾਂ ਦੇ ਨਾਮ ਹਨ। ਤੁਫੰਗ=ਬੰਦੂਕ। ਸਾਰਿਆਂ ਅੰਗਾਂ ਦੀ ਰੱਛਿਆ ਕਰੋ।

੧੩. ਤੂੰ ਹੀ ਛੁਰੀ ਹੈਂ ਅਤੇ ਤੂੰ ਹੀ ਕਲਮ ਦੀ ਵੈਰਨ ਹੈਂ ਭਾਵ ਕਲਮ ਨੂੰ ਛੈਤੀ ਨਾਲ ਘੜਕੇ ਸਾਫ ਕਰ ਦੇਂਦੀ ਹੈਂ ਅਤੇ ਤੈਨੂੰ ਹੀ ਕਰਦ ਆਖਿਆ ਜਾਂਦਾ ਹੈ ਤੇਰਾ ਹੀ ਨਾਮ ਖੰਜਰ ਤੇ ਬੁਗਦਾ ਹੈ। ਅਕਾਸ ਪਤਾਲ ਅਤੇ ਅਰਧ=ਮਾਤ ਲੋਕ ਨੂੰ ਵੀ ਤੂੰਹੀ ਰਿਜਕ ਦੇਣ ਵਾਲੀ ਹੈਂ। ਜਾਂ ਅਰਧ=ਅਰਾਧ ਭਾਵ ਸਾਰਿਆਂ ਨੂੰ ਯਾਦ ਕਰਕੇ ਰਿਜਕ ਦੇਂਦੀ ਹੈਂ। ੧੪. ਬਕਤ੍=ਮੂੰਹ ਤੋਂ ਜਾਂ ਤੂੰ ਹੀ ਬ੍ਰਹਮਾਂ ਰੂਪ ਬਣਕੇ ਮੂੰਹ ਤੋਂ ਵੇਦ ਰੂਪ ਵਿਦਿਆ ਦਾ ਜਗਤ ਵਿਖਿਆਨ ਕਰਦੀ ਹੈਂ। ੧੯. ਜੇਹੜਾ ਧਨਖ ਦੇ ਅੱਗੇ ਰਹਿਣ ਵਾਲਾ ਆਖਿਆ ਜਾਂਦਾ ਹੈ ਉਸਦੇ ਸਾਰੇ ਨਾਮ ਬਿਸਿਖ, ਬਾਨ, ਸਰ, ਕੈਬਰ, ਤੀਰ, ਖਤੰਗ, ਤਤਾਰਚੇ ਹਨ। ੨੦. ਤੈਣੀ=ਭੱਥਾ ਆਲੇ=ਘਰ। ਜਿਸਦਾ ਘਰ ਭੱਥਾ ਹੈ ਓਹ ਕੀ ਹੈ ਓਹ ਬਾਣ ਹੈ। ਸੱਤ੍ ਅਰਿ=ਵੈਰੀ ਦਾ ਵੈਰੀ ਸੋ ਬਾਣ ਹੈ। ਹਰਨ ਦਾ ਨਾਸ ਕਰਨ ਵਾਲਾ ਸੋ ਬਾਣ ਹੈ। ਸਸਬਾਨ=ਚੰਦ੍ ਬਾਣ ਵੀ ਬਾਣ ਦਾ ਹੀ ਨਾਮ ਹੈ।

Sri Satguru Jagjit Singh Ji eLibrary NamdhariElibrary@gmail.com

ਅੰਤਕ ਸਸਬਾਨ ॥ ਤੁਮ ਵੈਰਨ ਪ੍ਰਥਮੈ ਹਨੋ ਬਹੁਰੈ ਬਜੈ ਕ੍ਰਿਪਾਨ ॥ ੨੧ ॥ ਤੁਮ ਪਾਟਸ ਪਾਸੀ ਪਰਸ ਪਰਮ ਸਿੰਧ ਕੀ ਖਾਨ ॥ ਤੇ ਜਗ ਕੇ ਰਾਜਾ ਭਏ ਦੀਅ ਤਵ ਜਿਹੋਂ ਬਰ ਦਾਨ ॥ ੨੨ ॥ ਸੀਸ ਸਤ੍ਰ ਅਰਿ ਆਰ ਅਸ ਖੰਡੇ ਖੜਗ ਕ੍ਰਿਪਾਨ ॥ ਸਤ੍ਰ ਸੁਰੇਸਰ ਤੁਮ ਕੀਯੋ ਭਗਤ ਆਪੁਨੋ ਜਾਨ ॥ ੨੩ ॥ ਜਮਧਰ ਜਮਦਾੜਾ ਜਬਰਜੋਧਾਂਤਕ ਜਿਹੋਂ ਨਾਇ ॥ ਲੂਟ ਕੂਟ ਲੀਜਤ ਤਿਨੈ ਜੇ ਬਿਨ ਬਾਂਧੇ ਜਾਇ ॥ ੨੪ ॥ ਬਾਂਕ ਬਜ੍ਰ ਬਿਛੂਓ ਬਿਸਿਖ ਬਿਰਹ ਬਾਨ ਸਭ ਰੂਪ ॥ ਜਿਨ ਕੋ ਤੁਮ ਕਿਰਪਾ ਕਰੀ ਭਏ ਜਗਤ ਕੇ ਭੂਪ ॥ ੨੫ ॥ ਸਸਤ੍ਰ ਸੇਰ ਸਮਰਾਂਤ ਕਰਿ ਸਿੱਪ-ਰਾਰਿ ਸਮਸੇਰ ॥ ਮੁਕਤ ਜਾਲ ਜਮ ਕੇ ਭਏ ਜਿਨੈ ਕਹਯੋ ਇਕ ਬੇਰ ॥ ੨੬ ॥ ਸੈਫ ਸਰੋਹੀ ਸੱਤ੍ਰ ਅਰਿ ਸ਼ਾਰੰਗਾਰਿ ਜਿਹ ਨਾਮ ॥ ਸਦਾ ਹਮਾਰੇ ਚਿਤ ਬਸੋ ਸਦਾ ਕਰੋ ਮਮ ਕਾਮ ॥ ੨੭ ॥

ਇਤਿ ਸ੍ਰੀ ਨਾਮ ਮਾਲਾ ਪੁਰਾਣੇ ਸ੍ਰੀ ਭਗਉਤੀ ਉਸਤਤ ਪ੍ਰਥਮ ਧਿਆਇ ਸਮਾਪਤ ਮਸਤੁ ਸੁਭ ਮਸਤੁ ॥

ਦੋਹਰਾ ॥ ਕਵਚ ਸਬਦ ਪ੍ਰਥਮੈ ਕਹੋ ਅੰਤ ਸਬਦ ਅਰਿ ਦੇਹੁ ॥ ਸਭ ਹੀ ਨਾਮ ਕ੍ਰਿਪਾਨ ਕੇ ਜਾਨ ਚਤੁਰ ਜੀਅ ਲੇਹੁ ॥ ੨੮ ॥ ਸਤ੍ਰ ਸਬਦ ਪ੍ਰਥਮੈ ਕਹੋ ਅੰਤ ਦੁਸਟ ਪਦ ਭਾਖੁ ॥ ਸਭੈ ਨਾਮ ਜਗੰਨਾਥ ਕੇ ਸਦਾ ਹ੍ਰਿਦੈ ਮੋ

---

੨੧. ਤੁਮ=ਹੇ ਤਲਵਾਰ ਤੂੰ ਪਾਟਸ=ਸ਼ਸਤ੍ਰ, ਪਾਸੀ=ਫਾਹੀ । ਪਰਸ=ਕੁਹਾੜਾ ਅਤੇ ਬਹੁਤ ਹੀ ਚੰਗੀ ਸਿੱਧੀ ਦੀ ਖਾਣ ਹੈਂ ਜਿਨਾਂ ਨੂੰ ਵਰ ਦਾਨ ਦਿੱਤਾ ਹੈ। ੨੨. ਸ੍ਰੀ ਜਾਂ ਸੀਸ ਸੱਤ੍ਰ ਅਰ ਭਾਵ ਵੈਰੀ ਦੇ ਸਿਰ ਦੀ ਵੈਰਨ ਜਾਂ ਸ੍ਰੀ ਵੀ ਤਲਵਾਰ ਦਾ ਨਾਮ ਹੈ, ਸ਼ਸਤ੍ਰ ਅਰਿਜਾਰ=ਵੈਰੀ ਦੀ ਵੈਰਨ=ਤਲਵਾਰ ਜਾਂ ਕਰਸਾਰਿ=ਹੱਥਾਂ ਦੀ ਵੈਰਨ । ਅਸਿ, ਖੰਡੇ, ਖੜਗ, ਕ੍ਰਿਪਾਨ=ਤਲਵਰ ਦੇ ਨਾਮ ਹਨ । ਤੂੰ ਆਪਣਾ ਭਗਤ ਜਾਣਕੇ ਇੰਦ੍ਰ ਨੂੰ ਦੇਵਤਿਆਂ ਦਾ ਰਾਜਾ ਬਣਾ ਦਿੱਤਾ ਹੈ। ੨੩. ਜਮ ਧਰ=ਧਰਮ ਰਾਜਾ ਜਿਸਨੂੰ ਧਾਰਦਾ ਹੈ ਭਾਵ ਲੱਕ ਨਾਲ ਬੰਨ੍ਹਦਾ ਹੈ ਸੋ ਤਲਵਾਰ ਹੈ। ਜਮਦਾੜਾ= ਤਲਵਾਰ । ਜਬਰ=ਤਲਵਾਰ । ਜਿਸਦਾ ਨਾਮ ਜੋਧਿਆਂ ਦਾ ਅੰਤ ਕਰਨ ਵਾਲੀ ਹੈ। ੨੪. ਬਾਂਕ=ਟੇਢਾ ਬਾਣ । ਬੱਜਰ=ਕਰੜਾ ਬਾਣ । ਬਿਛੂਓ=ਬਿਛੂ ਵਰਗਾ ਬਾਣ । ਵਿਹੁ ਵਾਲਾ ਬਾਣ । ਬਿਰਹਿ=ਕਾਮ ਰੂਪ ਬਾਣ ਭਾਵ ਬੇਹੋਸ਼ ਕਰਨ ਵਾਲਾ । ੨੫. ਸਸਤ੍ਰ=ਤਲਵਾਰ ਜਾਂ ਸ਼ਸਤ੍ਰਾਂ ਵਿਚ ਸ਼ੇਰ ਸ਼ਸਤ੍ਰ=ਤਲਵਾਰ ਹੈ ਜਾਂ ਸੇਰ=ਸੇਲਾ ਭਾਵ ਨੇਜਾ । ਜੁਧ ਦਾ ਅੰਤ ਕਰਨ ਵਾਲੀ ਸੋ ਤਲਵਾਰ । ਸਿਪਰਾ=ਢਾਲ ਦੀ ਵੈਰਨ ਸੋ ਤਲਵਾਰ । ਸਮਸੇਰ=ਤਲਵਾਰ । ਓਹ ਜਮ ਦੇ ਜਾਲ ਤੋਂ ਛੁਟ ਗਏ ਹਨ ਜਿਨ੍ਹਾਂ ਨੇ ਇਕ ਵੇਰ ਤੇਰਾ ਨਾਮ ਆਖਿਆ । ੨੬. ਸੈਫ, ਸਰੋਹੀ=ਤਲਵਾਰ । ਵੈਰੀਆਂ ਦੀ ਵੈਰਨ ਸੋ ਤਲਵਾਰ । ਸਾਰਿੰਗਾਰਿ=ਹਾਥੀਆਂ ਘੋੜਿਆਂ ਦੀ ਵੈਰਨ ਸੋ ਤਲਵਾਰ । ਪਹਿਲੇ ਸੰਜੋਅ ''ਸ਼ਬਦ'' ਆਖੋ ਫੇਰ ਇਸ ਸ਼ਬਦ ਦੇ ਅੱਗੇ ਅੰਤ ਨੂੰ ਵੈਰੀ ਰੱਖ ਦਿਓ । ੨੮. ਸੱਤ੍ਰ ਦੁਸਟ=ਵੈਰੀਆਂ ਨੂੰ ਦਬੌਣ ਵਾਲੀ ਤਲਵਾਰ। ਜਗੰਨਾਥ=ਜਗਤ ਦੀ ਮਾਲਕ ਸੋ ਤਲਵਾਰ ।

Sri Satguru Jagjit Singh Ji eLibrary NamdhariElibrary@gmail.com

ਰਾਖੁ ॥ ੨੯ ॥ ਪ੍ਰਿਥੀ ਸਬਦ ਪ੍ਰਿਥਮੈ ਭਨੋ ਪਾਲਕ ਬਹੁਰ ਉਚਾਰ ॥ ਸਕਲ ਨਾਮੁ ਸ੍ਰਿਸਟੇਸ ਕੇ ਸਦਾ ਹ੍ਰਿਦੈ ਮੋ ਧਾਰ ॥ ੩੦ ॥ ਸ੍ਰਿਸਟ ਨਾਮ ਪਹਲੇ ਕਹੋ ਬਹੁਰ ਉਚਾਰੋ ਨਾਥ ॥ ਸਕਲ ਨਾਮੁ ਮਹਈਸ ਕੇ ਸਦਾ ਬਸੋ ਜੀਅ ਸਾਥ ॥ ੩੧ ॥ ਸਿੰਘ ਸਬਦ ਭਾਖੇ ਪ੍ਰਥਮ ਬਾਹਨ ਬਹੁਰ ਉਚਾਰਿ ॥ ਸਭੈ ਨਾਮ ਜਗ ਮਾਤ ਕੇ ਲੀਜਹੁ ਸੁ ਕਬਿ ਸੁ ਧਾਰਿ ॥ ੩੨ ॥ ਰਿਪੁ ਖੰਡਨ ਮੰਡਨ ਜਗਤ ਖਲ ਖੰਡਨ ਜਗ ਮਾਹਿ ॥ ਤਾਕੇ ਨਾਮ ਉਚਾਰੀਐ ਜਿਹੁੰ ਸੁਨ ਦੁਖ ਟਰਿ ਜਾਹਿ ॥ ੩੩ ॥ ਸਭ ਸਸਤ੍ਰਨ ਕੇ ਨਾਮ ਕਹਿ ਪ੍ਰਿਥਮ ਅੰਤ ਪਤਿ ਭਾਖੁ ॥ ਸਭ ਹੀ ਨਾਮ ਕ੍ਰਿਪਾਨ ਕੇ ਜਾਨ ਹ੍ਰਿਦੈ ਮਹਿ ਰਾਖਿ ॥ ੩੪ ॥ ਖੱਤ੍ਰਿਯਾਂ ਕੈ ਖੇਲਤ ਖੜਗ ਖਗ ਖੰਡੋ ਖੱਤ੍ਰਿਆਰ ॥ ਖੇਲਾਂਤਕ ਖਲਕੇ ਮਰੀ ਅਸਿ ਕੋ ਨਾਮ ਬਿਚਾਰ ॥ ੩੫ ॥ ਭੂਤਾਂਤਕ ਸ੍ਰੀ ਭਗਵਤੀ ਭਵਹਾ ਨਾਮ ਬਖਾਨ ॥ ਸਿਰੀ ਭਵਾਨੀ ਭੈ ਹਰਨ ਸਭ ਕੋ ਕਰੈ ਕਲਜਾਨ ॥ ੩੬ ॥ ਅੜਿਲ ॥ ਭੂਤ ਸਬਦ ਕੌ ਭਾਖਿ ਬਹੁਰ ਅਰਿ ਭਾਖੀਐ ॥ ਸਭ ਅਸਿ ਜੂ ਕੇ ਨਾਮ ਜਾਨ ਜੀਅ ਰਾਖੀਐ ॥ ਨਾਮ ਮ੍ਰਿਗਨ ਸਭ ਕਹਿ ਧਨੁ ਸਬਦ ਉੱਚਾਰੀਐ ॥ ਹੋ ਸਭ ਖੰਡੇ ਕੇ ਨਾਮ ਸੱਤਿ ਜੀਅ ਧਾਰੀਐ ॥੩੭॥ਦੋ:॥ ਪ੍ਰਿਥਮ ਨਾਮ ਜਮਕੋ ਉਚਰਿ ਬਹੁਰੋ ਰਦਨ ਉਚਾਰਿ ॥ ਸਕਲ ਨਾਮ ਜਮਦਾੜ ਕੇ ਲੀਜਹੁ ਸੁ ਕਬਿ ਸੁਧਾਰਿ ॥ ੩੮ ॥ ਉਦਰ ਸਬਦ ਪ੍ਰਥਮੈ ਕਹੋ ਪੁਨਿ ਅਰ ਸਬਦ ਉਚਾਰ ॥ ਨਾਮ ਸਭੈ ਜਮਦਾੜ੍ਹਕੇ ਲੀਜਹੁ ਸੁ ਕਬਿ ਬਿਚਾਰਿ ॥ ੩੯ ॥ ਮ੍ਰਿਗ ਗ੍ਰੀਵਾ ਸਿਰ ਅਰਿ ਉਚਰ ਪੁਨ ਅਸਿ ਸਬਦ ਉਚਾਰ ॥ ਸਭੈ ਨਾਮ ਸ੍ਰੀ ਖੜਗ ਕੇ ਲੀਜੋ ਹ੍ਰਿਦੈ ਬਿਚਾਰਿ ॥ ੪੦ ॥ ਕਰੀ ਕਰਾਂਤਕ ਕਸਟ ਰਿਪੁਕਾਲਾਯੁਧ ਕਰਵਾਰ ॥ ਕਰਾਚੋਲ ਕ੍ਰਿਪਾਨ ਕੇ ਲੀਜਹੁ ਨਾਮ ਸੁਧਾਰ ॥ ੪੧ ॥ ਕਸਤ ਕਰੀ ਕਰ ਪ੍ਰਿਥਮ ਕਹਿ ਪੁਨਿ ਅਰਿ ਸਬਦ ਸੁਨਾਇ ॥ ਸੱਸਤ੍ਰ

---

੨੯. ਪ੍ਰਿਥੀ ਪਾਲਕ=ਤਲਵਾਰ ਸ੍ਰਿਸਟੇਸ= ਸ਼੍ਰੀ ਦੀ ਮਾਲਕਾਤਲਵਾਰ।

੩੧. ਸ੍ਰਿਸਟ ਨਾਥ=ਤਲਵਾਰ ਜਾਂ ਸ਼ਕਤੀ।

੩੨. ਸਿੰਘ ਬਾਹਨ=ਸ਼ਕਤੀ। ੩੩. ਵੈਰੀਆਂ ਨੂੰ ਮਾਰਨ ਵਾਲੀ ਜਗਤ ਨੂੰ ਬਨੌਣ ਵਾਲੀ, ਮੂਰਖਾਂ, ਦੁਸਟਾਂ ਦਾ ਸੱਤਿਆਨਾਸ ਕਰਨ ਵਾਲੀ ਜਗਤ ਵਿਚ ਹੈ । ਦੁਖ ਟਲ ਜਾਂਦੇ ਹਨ। ੩੪. ਸ਼ਸਤ੍ਰ ਪਤਿ=ਸ਼ਕਤੀ, ਤਲਵਾਰ। ੩੫. ਸੂਰਮਿਆਂ ਦੇ ਵਿਚ ਤਲਵਾਰ ਰੂਪ ਹੋਕੇ ਖੇਡਦੀ ਹੈ ਹੇ ਸ਼ਕਤੀ। ਖੱਤ੍ਰਿਯਾਰ=ਸੂਰਮਿਆਂ ਦੀ ਵੈਰਨ। ਖੇਲਾਂ ਦਾ ਅੰਤ ਕਰਨ ਵਾਲੀ ਅਤੇ ਦੁਸ਼ਟਾਂ ਦੇ ਮਾਰਨ ਵਾਲੀ। ੩੬. ਭੂਤਾਂਤਕ=ਪ੍ਰਾਣੀਆਂ ਦਾ ਨਾਸ ਕਰਨ ਵਾਲੀ, ਭਵਹਾ=ਸੰਸਾਰ ਦਾ ਨਾਸ ਕਰਨ ਵਾਲੀ।

੩੭. ਭੂਤਅਰਿ=ਸੂਰਮਿਆਂ ਆਦਮੀਆਂ ਦੀ ਵੈਰਨ। ਮ੍ਰਿਗ ਧਨਸਰ=ਹਰਨ ਦਾ ਨਾਸ ਕਰਨ ਵਾਲੀ ਸੋ ਤਲਵਾਰ। ੩੮. ਜਮਰਦਨ=ਜਮਦਾੜ ਭਾਵ ਕਟਾਰ। ੩੯. ਉਦਰ ਅਰਿ=ਪੇਟ ਦੀ ਵੈਰਨ ਭਾਵ ਕਟਾਰ।

੪੦. ਮ੍ਰਿਗ ਗ੍ਰੀਵਾ ਅਰਿ=ਹਰਨ ਦੀ ਧੌਣ ਦੀ ਵੈਰਨ ਸੋ ਤਲਵਾਰ।

੪੧. ਕਰੀ ਕਰਾਂਤਕ=ਹਾਥੀ ਦੇ ਕਰ=ਸੁੰਡ ਦਾ ਨਾਸ ਕਰਨ ਵਾਲੀ, ਕਸ਼ਟਰਿਪ=ਵੈਰੀਆਂ ਨੂੰ ਦੁਖ ਦੇਣ ਵਾਲੀ ਸੋ ਤਲਵਾਰ । ਕਾਲਾਯੁਧ=ਜਮ ਦਾ ਸ਼ਸਤ੍ਰ ਸੋ ਤਲਵਾਰ। ਕਰਵਾਰ=ਤਲਵਾਰ। ਕਰਾਚੋਲ=ਤਲਵਾਰ।

Sri Satguru Jagjit Singh Ji eLibrary NamdhariElibrary@gmail.com

ਰਾਜ ਕੇ ਨਾਮ ਸਬ ਮੋਰੀ ਕਰਹੁ ਸਹਾਇ ॥ ੪੨ ॥ ਸਿਰੀ ਸਰੋਹੀ ਸੇ ਰਸਮ ਜਾਸਮ ਅਉਰ ਨ ਕੋਇ ॥ ਤੇਗ ਜਾਪੁ ਤੁਮਹੂੰ ਜਪੋ ਭਲੋ ਤੁਹਾਰੋ ਹੋਇ ॥ ੪੩ ॥ ਖਗ ਮ੍ਰਿਗ ਜੱਛ ਭੁਜੰਗ ਗਨ ਏ ਪਦ ਪ੍ਰਥਮ ਉਚਾਰ ॥ ਪੁਨਿ ਅਰਿ ਸਬਦ ਉਚਾਰੀਐ ਜਾਨ ਤਿਸੈ ਤਰਵਾਰ ॥ ੪੪ ॥ ਹਲੱਬਿ ਜੁਨੱਬੀ ਮਗਰਬੀ ਮਿਸਰੀ ਊਨਾ ਨਾਮ ॥ ਸੈਫ ਸਰੋਹੀ ਸਸਤ੍ਰ ਪਤਿ ਜਿਤਜੋ ਰੂਮ ਅਰੁ ਸਾਮ ॥ ੪੫ ॥ ਕਤੀਯਾ ਮਾਨੀ ਹਿੰਦਵੀ ਸਭ ਸਸਤ੍ਰਨ ਕੇ ਨਾਥ ॥ ਲਏ ਭਗਉਤੀ ਨਿਕਸ ਹੈ ਆਪ ਕਲੰਕੀ ਹਾਥ ॥ ੪੬ ॥ ਪ੍ਰਥਮ ਸਕਤਿ ਪਦ ਉਚਰਿਕੈ ਪੁਨ ਕਹੁ ਸਕਤ ਬਿਸੇਖ ॥ ਨਾਮ ਸੈਹਥੀ ਕੇ ਸਕਲ ਨਿਕਸਤ ਜਾਹਿ ਅਨੇਕ ॥ ੪੭ ॥ ਪ੍ਰਥਮ ਸੂਭਟ ਪਦ ਉਚਰਿਕੈ ਬਹੁਰ ਸਬਦ ਅਰਿ ਦੇਹੁ ॥ ਨਾਮ ਸੈਹਥੀ ਕੇ ਸਭੈ ਸਮਝਿ ਚਤੁਰ ਚਿਤ ਲੇਹੁ ॥ ੪੮ ॥ ਪ੍ਰਥਮ ਭਾਖ ਸੰਨਾਹ ਪਦ ਪੁਨਰਿਪ ਸਬਦ ਉਚਾਰਿ ॥ ਨਾਮ ਸੈਹਥੀ ਕੇ ਸਕਲ ਚਤੁਰ ਚਿੱਤ ਨਿਜ ਧਾਰਿ ॥ ੪੯ ॥ ਉਚਰ ਕੁੰਭ ਪ੍ਰਥਮੈ ਸਬਦ ਪੁਨਿ ਅਰਿ ਸਬਦ ਕਹੋ ॥ ਨਾਮ ਸੈਹਥੀ ਕੇ ਸਭੈ ਚਿਤ ਮਹਿ ਚਤੁਰ ਲਹੋ ॥ ੫੦ ਤਨੁੱਤ੍ਰਾਨ ਪਦ ਪ੍ਰਥਮ ਕਹਿ ਪੁਨ ਅਰਿ ਸਬਦ ਬਖਾਨ ॥ ਨਾਮ ਸੈਹੱਥੀ ਕੇ ਸਭੈ ਰੁਚਿਰ ਚਤੁਰ ਚਿਤ ਜਾਨ ॥ ੫੧ ॥ ਯਸਟੀਸਰ ਕੋ ਪ੍ਰਥਮ ਕਹਿ ਪੁਨ ਬਚ ਕਹੁ ਅਰਧੰਗ ॥ ਨਾਮ ਸੈਹੱਥੀ ਕੇ ਸਭੈ ਉਚਰਤ ਜਾਹੁ ਨਿਸੰਗ ॥ ੫੨ ॥ ਸਾਂਗ ਸਮਰ ਕਰ ਸੈਹੱਥੀ ਸਸਤ੍ਰ ਸਸਨ ਕੇ ਭੇਸ ॥ ਸਬਲ ਸੁ ਭਟਹਾ ਹਾਥ ਲੈ ਜੀਤੇ ਸਮਰ ਸੁ ਰੇਸ ॥ ੫੩ ॥ ਛਤ੍ਰਧਰ ਮ੍ਰਿਗਹਾ ਬਿਜੈ ਕਰ ਭਟਹਾ ਜਾਕੋ ਨਾਮ ॥ ਸਕਲ ਸਿੱਧ

---

੪੨. ਕਸ ਤਕਰੀ ਕਰ ਅਰਿ=ਤਕੜੀ ਕੱਸਕੇ ਜੋ ਕਰ=ਹੱਥ ਵਿਚ ਫੜੀ ਹੋਈ ਹੈ ਓਹ ਕੀ ਹੈ ਸੋ ਉਹ ਤਲਵਾਰ ਹੈ ਓਸ ਇਸ ਤਰਾਂ ਦੀ ਤਲਵਾਰ ਦੀ ਜਾਂ ਤਲਵਾਰ ਵਾਲੇ ਹਥ ਦੀ ਜੋ ਅਰਿ=ਵੈਰਨ ਹੈ ਸੋ ਤਲਵਾਰ ਹੀ ਹੈ । ਸਸਤ੍ਰ ਰਾਜ=ਤਲਵਾਰ ।

੪੩. ਸੇਰ ਸਮ=ਸ਼ੇਰ ਦੇ ਸਮਾਨ ਸੋ ਤਲਵਾਰ ।

੪੪. ਜਾਨਵਰ, ਹਰਨ, ਜੱਛ, ਸੱਪ, ਬਹੁਤ ਸਾਰੇ ।

੪੫. ਮਿਸਰ ਦੇਸ, ਊਨਾ ਸ਼ਹਿਰ=ਦੀ ਤਲਵਾਰ । ਸ਼ਸਤ੍ਰ ਪਤਿ=ਤਲਵਾਰ ਰੂਮ ਸਾਮ=ਚੜ੍ਹਦੇ ਲਹਿੰਦੇ ਦੇਸ ਦੀ ਤਲਵਾਰ, ਜਿਸ ਨਾਲ ਚੜ੍ਹਦਾ ਲਹਿੰਦਾ ਜਿਤਿਆ ਹੈ ।

੪੬. ਕਤੀ=ਤਲਵਾਰ । ਜਾਮਨੀ=ਮੁਸਲਮਾਨਾਂ ਦੇ ਦੇਸ ਦੀ ਤਲਵਾਰ । ਹਿੰਦਵੀ=ਹਿੰਦੁਸਤਾਨ ਦੀ ਤਲਵਾਰ । ਸਾਰੇ ਹਥਿਆਰਾਂ ਦੀ ਨਾਥ=ਤਲਵਾਰ ਹੈ । ਨਿਹਕਲੰਕੀ ਅਵਤਾਰ ਭਗਉਤੀ=ਤਲਵਾਰ ਹਥ ਵਿਚ ਲੈਕੇ ਨਿਕਲੇਗਾ ।

੪੭. ਪਹਿਲੇ ਬਰਛੀ ਸ਼ਬਦ ਆਖੇ । ਫੇਰ ਬਿਸੇਖ=ਬਹੁਤ ਸਕਤਿ=ਫਲ੍ਹਾ ਵਾਲੀ ਜਾਂ ਬੜ ਵਾਲੀ ਆਖੇ । ਅਸੇਖ=ਬਾਕੀ ਜੋ ਨਾਮ ਸਾਰੇ ਹਨ ।

੪੮. ਸੂਭਟ ਅਰਿ=ਸੂਰਮੇ ਦੀ ਵੈਰਨ=ਬਰਛੀ ।

੪੯. ਸੰਨਾਹ ਰਿਪ=ਸੰਜੋਅ ਦੀ ਵੈਰਨ=ਬਰਛੀ ।

੫੦. ਕੁੰਭ ਅਰਿ=ਹਾਥੀ ਦੀ ਵੈਰਨ ਬਰਛੀ ।

੫੧. ਤਨੱਤ੍ਰਾਨ ਅਰਿ=ਸੰਜੋਅ ਦੀ ਵੈਰਨ ਬਰਛੀ ।

੫੨. ਯਸਟੀਸਰ ਅਰਧੰਗ=ਵੱਡੀ ਲਾਠੀ ਦਾ ਅੱਧਾ ਹਿੱਸਾ ।

੫੩. ਸਾਂਗ=ਬਰਛਾ । ਸਮਰ=ਜੰਗ ਕਰਨ ਵਾਲਾ ਸੋ ਭੀ ਬਰਛੀ ਸਸਨ=ਚੰਦ ਵਰਗੀ ਚਿੱਟੀ ਸੋਵੀ ਬਰਛੀ । ਭਾਵ ਸਾਰੇ ਹਥਿਆਰਾਂ ਵਿਚ ਚਿੱਟੇ ਭੇਸ ਵਾਲੀ । ਸੁਭਦਰਾ=ਬੜੇ ੨ ਬਲੀ ਸੂਰਮਿਆਂ ਨੂੰ ਨਾਸ ਕਰਨ ਵਾਲੀ ਇੰਦ੍ਰ ਨੇ ਜੰਗ ਜਿਤੇ ।

Sri Satguru Jagjit Singh Ji eLibrary NamdhariElibrary@gmail.com

ਦਾਤ੍ਰੀ ਸਭਨ ਅਮਿਤ ਸਿੱਧ ਕੋ ਧਾਮ ॥ ੫੪ ॥ ਲਛਮਨ ਅਉਰ ਘਟੋਤਕਚਏ ਪਦ ਪ੍ਰਿਥਮ ਉਚਾਰਿ ॥ ਪੁਨਿ ਅਰਿ ਭਾਖੇ ਸਕਤ ਕੇ ਨਿਕਸਹਿ ਨਾਮ ਅਪਾਰ ॥ ੫੫ ॥ ਗਝੀਆ ਭਸਝੀ ਭੈਰਵੀ ਭਾਲਾ ਨੈਜਾ ਭਾਖੁ ॥ ਬਰਛੀ ਸੈਥੀ ਸਕਤ ਸਭ ਜਾਨ ਹ੍ਰਿਦੇ ਮੈਂ ਰਾਖੁ ॥ ੫੬ ॥ ਬਿਸਨ ਨਾਮ ਪ੍ਰਿਥਮੈ ਉਚਰਿ ਪੁਨ ਪਦ ਸਸਤ੍ਰ ਉਚਾਰਿ ॥ ਨਾਮ ਸੁਦਰਸਨ ਕੇ ਸਭੈ ਨਿਕਸਤਜਾਹਿ ਅਪਾਰ ॥ ੫੭ ॥ ਮੁਰਪਦ ਪ੍ਰਿਥਮ ਉਚਾਰਿਕੈ ਮਰਦਨ ਬਹੁਰ ਕਹੋ ॥ ਨਾਮ ਸੁਦਰਸਨ ਚੱਕ੍ਰ ਕੇ ਚਿਤ ਮੈਂ ਚਤੁਰ ਲਹੋ ॥ ੫੮ ॥ ਮਧ ਕੋ ਨਾਮ ਉਚਾਰਿ ਕੈ ਹਾ ਪਦ ਬਹੁਰ ਉਚਾਰਿ ॥ ਨਾਮੁ ਸੁਦਰਸਨ ਚੱਕ੍ਰ ਕੇ ਲੀਜੈ ਸੁ ਕਬਿ ਸੁਧਾਰਿ ॥ ੫੯ ॥ ਨਰਕਾਸੁਰ ਪ੍ਰਿਥਮੈ ਉਚਰਿ ਪੁਨਰਿਪੁ ਸਬਦ ਬਖਾਨ ॥ ਨਾਮ ਸੁਦਰਸਨ ਚੱਕ੍ਰ ਕੋ ਚਤੁਰ ਚਿੱਤ ਮੈ ਜਾਨ ॥ ੬੦ ॥ ਦੈਤ ਬਕਤ੍ਰ ਕੋ ਨਾਮ ਕਹਿ ਸੂਦਨ ਬਹੁਰ ਉਚਾਰ॥ਨਾਮ ਸੁਦਰਸਨ ਚਕ੍ਰ ਕੋ ਜਾਨ ਚਿੱਤ ਨਿਰਧਾਰ ॥ ੬੧ ॥ ਪ੍ਰਿਥਮ ਚੰਦੇਰੀ ਨਾਥ ਕੋ ਲੀਜੈ ਨਾਮ ਬਨਾਇ ॥ ਪੁਨਰਿਪੁ ਸਬਦ ਉਚਾਰੀਐ ਚੱਕ੍ਰ ਨਾਮ ਹੁਇ ਜਾਇ ॥ ੬੨ ॥ ਨਰਕਾਸੁਰ ਕੋ ਮਾਨ ਕਹਿ ਮਰਦਨ ਬਹੁਰ ਉਚਾਰ ॥ ਨਾਮ ਸੁਦਰਸਨ ਚੱਕ੍ਰ ਕੋ ਲੀਜਹੁ ਸੁ ਕਬਿ ਸੁਧਾਰ ॥ ੬੩ ॥ ਕਿਸਨ ਬਿਸਨ ਕਹਿ ਜਿਸਨ ਅਨੁਜ ਆ ਯੁਧ ਬਹੁਰ ਉਚਾਰਿ ॥ ਨਾਮ ਸੁਦਰਸਨ ਚੱਕ੍ਰ ਕੇ ਨਿਕਸਤ ਚਲਹਿ ਅਪਾਰ ॥ ੬੪ ॥ ਬੱਜ੍ਰ ਅਨੁਜ ਪ੍ਰਿਥਮੈਂ ਉਚਰ ਫਿਰਿ ਪਦ ਸਸਤ੍ਰ ਬਖਾਨ ॥ ਨਾਮ ਸੁਦਰਸਨ ਚੱਕ੍ਰ ਕੇ ਚਤੁਰ ਚਿੱਤ ਮੈ ਜਾਨ ॥ ੬੫ ॥ ਪ੍ਰਿਥਮ ਬਿਰਹ ਪਦ ਉਚਰਕੈ ਪੁਨ ਕਹੁ ਸਸਤ੍ਰ ਬਿਸੇਖ ॥ ਨਾਮ ਸੁਦਰਸਨ ਚੱਕ੍ਰ ਕੇ ਨਿਕਸਤ ਚਲੈ ਅਸੇਖ ॥ ੬੬ ॥ ਪ੍ਰਿਥਮੈ ਵਹੈ ਉਚਾਰੀਐ ਰਿੱਧ ਸਿੱਧ ਕੋ ਧਾਮ ॥ ਪੁਨ ਪਦ ਸਸਤ੍ਰ ਬਖਾਨੀਐ ਜਾਨੁ ਚੱਕ੍ਰ ਕੇ ਨਾਮ ॥ ੬੭ ॥ ਗਿਰਧਰ ਪ੍ਰਿਥਮ ਉਚਾਰਿ ਪਦ ਆ ਯੁਧ ਬਹੁਰ ਉਚਾਰਿ ॥ ਨਾਮ ਸੁਦਰਸਨ ਚੱਕ੍ਰ ਕੇ ਨਿਕਸਤ ਚਲੈ ਅਪਾਰ ॥ ੬੮ ॥ ਕਾਲੀ ਨਥੀਆ ਪ੍ਰਿਥਮ

---

੫੪. ਛਤ੍ਰਧਰਾ=ਬਰਛੀ ਜਿਸ ਨੂੰ ਛੱਤ੍ਰੀ ਧਾਰਦੇ ਹਨ । ਹਰਨਾਂ ਨੂੰ ਜਿਤਣ ਵਾਲੀ । ਭਟਹਾ=ਸੂਰਮਿਆਂ ਨੂੰ ਮਾਰਨ ਵਾਲੀ ।

੫੫. ਲਛਮਣ ਦੀ ਵੈਰਨ ਅਤੇ ਭੀਮਸੈਨ ਦੇ ਪੁਤ੍ਰ ਦੀ ਵੈਰਨ ।

੫੬. ਗ, ਭ, ਭੈ, ਭਾ, ਬ, ਸੈ, ਸ ਇਹ ਸਾਰੇ ਬਰਛੀ ਦੇ ਨਾਮ ਹਨ ।

੫੭. ਬਿਸਨ ਸਸਤ੍ਰ=ਸੁਦਰਸ਼ਨ ਚੱਕਰ । ੫੮. ਮੁਰ ਮਰਦਨ=ਸੁਦਰਸ਼ਨ

੫੯. ਮਧਹਾ=ਸੁਦਰਸ਼ਨ । ੬੦. ਨਰਕਾਸੁਰ ਰਿਪ=ਭੂਮਾਸਰ ਦੈਂਤ ਦਾ ਵੈਰੀ=ਸੁਦਰਸ਼ਨ । ੬੧. ਬਕਤ੍ਰ ਸੂਦਨ=ਦੈਂਤ ਦਾ ਨਾਸਕ=ਸੁਦਰਸ਼ਨ ।

੬੨. ਚੰਦੇਰੀ ਨਾਥ=ਸਿਸਪਾਲ ਇਸ ਦਾ ਅਰਿ=ਵੈਰੀ ਜੋ ਸੁਦਰਸ਼ਨ ।

੬੩. ਨਰਕਾਸੁਰ ਮਰਦਨ=ਸੁਦਰਸ਼ਨ । ੬੪. ਜਿਸਨ ਅਨੁਜ ਆਯੁਧ=ਇੰਦ੍ ਦਾ ਭਰਾ ਉਪਿੰਦ੍ ਭਾਵ ਬਾਵਨ ਅਵਤਾਰ, ਉਸਦਾ ਹਥਿਆਰ ਸੁਦਰਸ਼ਨ ਚਕਰ । ੬੫. ਬਜ੍ ਅਨੁਜ ਸਸਤ੍=ਇੰਦ੍ ਦਾ ਭਰਾ ਬਾਵਨ ਅਵਤਾਰ ਉਸ ਦਾ ਸਸਤ੍ ਸੁਦਰਸ਼ਨ । ੬੬. ਬ੍ਰਿਹ ਸਸਤ੍=ਇੰਦ੍ ਦਾ ਭਰਾ ਬਾਵਨ ਅਵਤਾਰ ਉਸ ਦਾ ਸਸਤ੍=ਸੁਦਰਸ਼ਨ । ੬੭. ਰਿੱਧੀਆਂ ਸਿੱਧੀਆਂ ਦਾ ਘਰ ਬਿਸਨ ਹੈ ਉਸਦਾ ਸਸਤ੍=ਸੁਦਰਸ਼ਨ । ੬੮. ਗਿਰਧਰ ਆਯੁਧ=ਭਗਵਾਨ ਦਾ ਸਸਤ੍=ਸੁਦਰਸ਼ਨ ।

Sri Satguru Jagjit Singh Ji eLibrary NamdhariElibrary@gmail.com

ਕਹਿ ਸਸਤ੍ਰ ਸਬਦ ਕਹੁ ਅੰਤ ॥ ਨਾਮ ਸੁਦਰਸਨ ਚੱਕ੍ਰ ਕੇ ਨਿਕਸਤ ਜਾਹਿ ਅਨੰਤ ॥ ੬੯ ॥ ਕੰਸ ਕੇਸਿਹਾ ਪ੍ਰਿਥਮ ਕਹਿ ਫਿਰਿ ਕਹਿ ਸਸਤ੍ਰ ਬਿਚਾਰ ॥ ਨਾਮ ਸੁਦਰਸਨ ਚੱਕ੍ਰ ਕੇ ਲੀਜਹੁ ਸੁ ਕਬਿ ਸੁਧਾਰ ॥ ੭੦ ॥ ਬਕੀ ਬਕਾਸੁਰ ਸਬਦ ਕਹਿ ਫੁਨਿ ਬਚ ਸਤ੍ਰੁ ਉਚਾਰ ॥ ਨਾਮ ਸੁਦਰਸਨ ਚੱਕ੍ਰ ਕੇ ਨਿਕਸਤ ਚਲੈਂ ਅਪਾਰ ॥ ੭੧ ॥ ਅਘਨਾਸਨ ਅਘਹਾ ਉਚਾਰ ਪੁਨ ਬਚ ਸਸਤ੍ਰ ਬਖਾਨ ॥ਨਾਮ ਸੁਦਰਸਨ ਚੱਕ੍ਰ ਕੇ ਸਭੈ ਚਤੁਰ ਚਿਤ ਜਾਨ ॥ ੭੨ ॥ ਸ੍ਰੀ ਉਪੇਂਦ੍ਰ ਕੇ ਨਾਮ ਕਹਿ ਫੁਨ ਪਦ ਸਸਤ੍ਰ ਬਖਾਨ ॥ ਨਾਮ ਸੁਦਰਸਨ ਚੱਕ੍ਰ ਕੇ ਸਬੈ ਸਮਝ ਸੁਰ ਗਿਆਨ ॥ ੭੩ ॥ ਕਬਿਜੇ ਬਾਚ ॥ ਦੋਹਰਾ ॥ ਸਬੈ ਸੁ ਭਟਅਉ ਸਭ ਸੁ ਕਬਿ ਯੋਂ ਸਮਝੈ ਮਨ ਮਾਹਿ ॥ ਬਿਸਨ ਚੱਕ੍ਰ ਕੇ ਨਾਮ ਮੈ ਭੇਦ ਕਉਨਹੂੰ ਨਾਹਿ ॥ ੭੪ ॥

ਇਤਿ ਸ੍ਰੀ ਨਾਮ ਮਾਲਾ ਪੁਰਾਣੇ ਚੱਕ੍ਰ ਨਾਮ ਦੁਤੀਯ ਧਿਆਇ ਸਮਾਪਤ

ਮਸਤੁ ਸੁਭ ਮਸਤੁ ॥ ੨ ॥

ਦੋਹਰਾ ॥ ਬਿਸਖਬਾਣ ਸਰਧਨਜ ਭਨ ਕਵਚਾਂਤਕ ਕੇ ਨਾਮ ॥ ਸਦਾ ਹਮਾਰੀ ਜੈ ਕਰੋ ਸਕਲ ਕਰੋ ਮਮਕਾਮ ॥ ੭੫ ॥ ਧਨੁਖ ਸਬਦ ਪ੍ਰਿਥਮੈ ਉਚਰਿ ਅਗ੍ਰਜ ਬਹੁਰ ਉਚਾਰ ॥ ਨਾਮ ਸਿਲੀ ਮੁਖ ਕੇ ਸਭੈ ਲੀਜਹੁ ਚਤੁਰ ਸੁਧਾਰ ॥ ੭੬ ॥ ਪਨਚ ਸਬਦ ਪ੍ਰਿਥਮੈ ਉਚਰਿ ਅੱਗ੍ਰਜ ਬਹੁਰ ਉਚਾਰ ॥ ਨਾਮ ਸਿਲੀ ਮੁਖ ਕੇ ਸਭੈ ਨਿਕਸਤ ਚਲੈਂ ਅਪਾਰ ॥ ੭੭ ॥ ਨਾਮ ਉਚਾਰਿ ਨਿਖੰਗ ਕੇ ਬੰਸੀ ਬਹੁਰ ਬਖਾਨ ॥ ਨਾਮ ਸਿਲੀ ਮੁਖ ਕੇ ਸਭੈ ਲੀਜਹੁ ਹਿਯੈ ਪਛਾਨ ॥ ੭੮ ॥ ਸਭ ਮ੍ਰਿਗਜਨ ਕੇ ਨਾਮ ਕਹਿ ਹਾ ਪਦ ਬਹੁਰ ਉਚਾਰ ॥ ਨਾਮ ਸਭੈ ਸ੍ਰੀ ਬਾਣ ਕੇ ਜਾਣੁ ਹਿਯੈ ਨਿਰਧਾਰ ॥ ੭੯ ॥ ਸਕਲ ਕਵਚ ਕੇ ਨਾਮ ਕਹਿ ਭੇਦਕ ਬਹੁਰ ਬਖਾਨ ॥ ਨਾਮ ਸਕਲ ਸ੍ਰੀ ਬਾਨ ਕੇ ਨਿਕਸਤ ਚਲੈ ਪ੍ਰਮਾਨ ॥ ੮੦ ॥ ਨਾਮ ਚਰਮ ਕੇ ਪ੍ਰਿਥਮ ਕਹਿ ਛਾਦਕ ਬਹੁਰ ਬਖਾਨ ॥ ਨਾਮ ਸਭੈ ਹੀ ਬਾਨ ਕੇ ਚਤੁਰ ਚਿੱਤ ਮੈ ਜਾਨੁ ॥ ੮੧ ॥ ਸੁਭਟ ਨਾਮ ਉਚਾਰਿ ਕੈ ਹਾ ਪਦ ਬਹੁਰ ਸੁਨਾਇ ॥

---

੬੯. ਕਾਲੀ=ਸੱਪ ਨੂੰ ਨੱਥਣ ਵਾਲੇ ਦਾ ਹਥਿਆਰ=ਸੁਦਰਸ਼ਨ।

੭੦. ਕੰਸ ਕੇਸਹਾ=ਕੰਸ ਨੂੰ ਕੇਸਾਂ ਤੋਂ ਫੜਕੇ ਮਾਰਨ ਵਾਲੇ ਭਗਵਾਨ ਦਾ ਹਥਿਆਰ=ਸੁਦਰਸ਼ਨ। ੭੧. ਬਕੀ=ਪੂਤਨਾ ਅਤੇ ਬਕਾਸੁਰ=ਦੈਂਤ ਦਾ ਵੈਰੀ ਕ੍ਰਿਸ਼ਨ ਸੋ ਕ੍ਰਿਸ਼ਨ ਦਾ ਹਥਿਆਰ ਸੁਦਰਸ਼ਨ। ੭੨. ਅਘਨਾਸਨ, ਅਘਹਾ=ਪਾਪਾਂ ਦੇ ਨਾਸ ਕਰਨ ਵਾਲਾ ਕ੍ਰਿਸ਼ਨ। ਕ੍ਰਿਸ਼ਨ ਦਾ ਹਥਿਆਰ ਸੁਦਰਸ਼ਨ।

੭੩. ਸੀ ਉਪਦ੍ਰ=ਸੀਤਾ ਨਾਲ ਉਪਦਰ ਕਰਨ ਛਾਲਾ ਰਾਵਨ ਤੇ ਰਾਵਨ ਦੇ ਨਾਸ ਕਰਨ ਵਾਲਾ ਸ੍ਰੀਰਾਮਚੰਦ੍ਰ ਸੋ ਸ੍ਰੀਰਾਮਚੰਦ੍ਰ ਜੀਦਾ ਹਥਿਆਰ=ਸੁਦਰਸ਼ਨ।

੭੪.ਸਾਰੇ ਸੂਰਮਿਓਂ ਤੇ ਸਾਰੇ ਕਵੀਓ ਇਸ ਤਰ੍ਹਾਂ ਇਹ ਗਲ ਸਮਝ ਲਉ।

੭੫. ਧਨਜ=ਧਨਖ ਦਾ ਜਾਇਆ ਹੋਇਆ, ਸੰਜੋਅ ਦਾ ਨਾਸ ਕਰਨ ਵਾਲਾ। ਭਨ=ਆਖਿਆ। ੭੬. ਧਨਖਾਗ੍ਰਜ=ਤੀਰ। ਸਿਲੀਮੁਖ=ਤੀਰ।

੭੭. ਪਨਚਾਗ੍ਰਜ=ਧਨਖ ਅੱਗੇ ਰਹਿਣ ਵਾਲਾ ਤੀਰ। ੭੮. ਨਿਖੰਗ ਬੰਸੀ=ਭੱਥੇ ਵਿਚ ਵੱਸਣ ਵਾਲਾ ਸੋ ਤੀਰ। ੭੯. ਮਿਰਗ ਹਾ=ਤੀਰ।

੮੦. ਕਵਚ ਭੇਦਕ=ਤੀਰ। ੮੧. ਚਰਮ ਛਾਦਕ=ਤੀਰ।

Sri Satguru Jagjit Singh Ji eLibrary NamdhariElibrary@gmail.com

ਨਾਮ ਸਿਲੀ ਮੁਖ ਕੇ ਸਬੋ ਲੀਜਹੁ ਚਤੁਰ ਬਨਾਇ ॥ ੮੨ ॥ ਸਭ ਪੱਛਨ ਕੈ ਨਾਮ ਕਹਿ ਪਰ ਪਦ ਬਹੁਰ ਬਖਾਨ ॥ ਨਾਮ ਸਿਲੀ ਮੁਖ ਕੇ ਸਬੈ ਚਿਤ ਮੈ ਚਤੁਰ ਪਛਾਨ ॥ ੮੩ ॥ ਪੰਛੀ ਪਰੀਸਪੰਖ ਧਰ ਪਛਿ ਅੰਤਕ ਪੁਨ ਭਾਖੁ ॥ ਨਾਮੁ ਸਿਲੀ ਮੁਖਕੇ ਸਭੈ ਜਾਨ ਹਿਦੈ ਮੈ ਰਾਖੁ॥੮੪॥ਸਭ ਅਕਾਸ ਕੇ ਨਾਮ ਕਹਿ ਚਰਪਦ ਬਹੁਰ ਬਖਾਨ ॥ ਨਾਮ ਸਿਲੀ ਮਖ ਕੇ ਸਭੈ ਲੀਜੈ ਚਤੁਰ ਪਛਾਨ ॥ ੮੫ ॥ ਖੰ ਅਕਾਸ ਨਭ ਗਗਨ ਕਹਿ ਚਰਪਦ ਬਹੁਰ ਉਚਾਰ ॥ ਨਾਮ ਸਕਲ ਸੀ ਬਾਣ ਕੇ ਲੀਜਹੁ ਚਤੁਰ ਸੁਧਾਰ ॥ ੮੬ ॥ ਅਸਮਾਨ ਸਿਪੈ ਹਿਰਸਦਿਵਗਰਦੂੰ ਬਹੁਰ ਬਖਾਨੁ ॥ ਪੁਨਿਚਰ ਸਬਦ ਬਖਾਨੀਐ ਨਾਮ ਬਾਨ ਕੇ ਜਾਨ ॥ ੮੭ ॥ ਪ੍ਰਥਮ ਨਾਮ ਕਹਿ ਚੰਦ੍ ਕੇ ਧਰ ਪਦ ਬਹੁਰੋ ਦੇਹੁ ॥ ਪੁਨਿਚਰ ਸਬਦ ਉਚਾਰੀਐ ਨਾਮ ਬਾਨ ਲਖਿ ਲੇਹੁ ॥ ੮੮ ॥ ਗੋਮਰੀਚਕਿਰਨੰ ਛਟਾ ਧਰ ਧਰ ਕਹਿ ਮਨਮਾਹਿ ॥ ਚਰਪਦ ਬਹੁਰ ਬਖਾਨੀਐ ਨਾਮ ਬਾਨ ਹੁਇ ਜਾਹਿ ॥ ੮੯ ॥ ਰਜਨੀਸਰ ਦਿਨਹਾ ਉਚਰਿ ਧਰ ਧਰ ਪਦ ਕਹਿ ਅੰਤ ॥ ਨਾਮ ਸਕਲ ਸੀ ਬਾਨ ਕੇ ਨਿਕਰਤ ਜਾਹਿ ਅਨੰਤ ॥ ੯੦ ॥ ਰਾਤ੍ ਨਿਸਾ ਦਿਨ ਘਾਤਨੀ ਚਰ ਧਰ ਸਬਦ ਬਖਾਨ ॥ ਨਾਮ ਸਕਲ ਸੀ ਬਾਨ ਕੇ ਕਹੀ ਅਹੁ ਚਤੁਰ ਬਖਿਆਨ ॥ ੯੧ ॥ ਸਸਿਉਪਰਾਜਨ ਰਵਿ ਹਰਨਚਰ ਕੋ ਲੈਕੈ ਨਾਮ ॥ ਧਰ ਕਹਿ ਨਾਮ ਕੇ ਬਾਨ ਜੇ ਜਪੋ ਆਠਹੂੰ ਜਾਮ

---

੮੨. ਸੁਭਦੰ ਹਾ=ਤੀਰ। ੮੩. ਪੱਛਨ ਪਰ=ਪੰਛੀਆਂ ਦੇ ਧਾਰਨ ਵਾਲਾ ਸੋ ਤੀਰ। ੮੪. ਪੰਛੀਆਂ ਦੇ ਖੰਭਾਂ ਵਾਲਾ, ਦੂਸਰਾ ਨਾਮ ਸਹਿਤ ਖੰਭਾਂ ਦੇ, ਤੀਸਰਾ ਨਾਮ ਖੰਭ ਧਰਨ ਵਾਲਾ, ਚੌਥਾ ਨਾਮ ਪੰਛੀਆਂ ਦੇ ਅੰਤ ਕਰਨ ਵਾਲਾ। ੮੫. ਅਕਾਸਚਰ=ਤੀਰ। ੮੬. ਖੇ=ਅਕਾਸ=ਨਭ, ਗਗਨ=ਅਕਾਸ ਭਾਵ ਚਰ ਸ਼ਬਦ ਅੱਗੇ ਜੋੜਕੇ ਜੀਕੂ ਖੇ ਚਰ=ਤੀਰ ਦਾ ਨਾਮ ਹੈ। ਏਸੇ ਤਰਾਂ ਹੋਰ ਸਮਝੋ। ੮੭. ਸਿਪਿ ਹਿਰਸ, ਦਿਵਾ, ਗਰਦੂੰ=ਤਿੰਨੇ ਨਾਮ ਅਕਾਸ ਦੇ ਹਨ ਭਾਵ ਚਰ ਪਦ ਅੱਗੇ ਜੋੜਕੇ ਭਾਵ ਅਕਾਸ਼ ਵਿਚ ਫਿਰਨ ਵਾਲਾ ਸੋ ਤੀਰ। ੮੮. ਚੰਦ ਧਰ ਚਰ=ਚੰਦ੍ਰਮਾਂ ਦੇ ਧਾਰਨ ਵਾਲਾ, ਅਕਾਸ਼ ਵਿਚ ਫਿਰਨ ਵਾਲਾ ਸੋ ਤੀਰ। ੮੯. ਗੋ, ਮਰੀਚ, ਕਿਰਨੰ, ਛਟਾ, ਚਾਰੇ ਨਾਮ ਚੰਦ੍ਰਮਾਂ ਦੀਆਂ ਕਿਰਨਾਂ ਦੇ ਹਨ। ਗੋ=ਕਿਰਨ। ਸੋ ਕਿਰਨਾਂ ਦੇ ਧਰਨ ਵਾਲ ਚੰਦ੍ਰਮਾਂ ਜਿਸ ਤਰ੍ਹਾਂ ਗੋ ਧਰ ਧਰ ਚਰ=ਕਿਰਨਾਂ ਦੇ ਧਰਨ ਵਾਲਾ ਚੰਦ੍ਰਮਾਂ ਅਤੇ ਚੰਦ੍ਰਮਾਂ ਦੇ ਧਰਨ ਵਾਲਾ ਅਕਾਸ਼ ਅਤੇ ਅਕਾਸ਼ ਦੇ ਵਿਚ ਵਿਚਰਨ ਵਾਲਾ ਸੋ ਤੀਰ ਸਾਰੇ ਪਦ ਇਸ ਤਰ੍ਹਾਂ ਬਣਾਓ। ਗੋ ਧਰ ਧਰ ਚਰ। ਮਰੀਚ ਧਰ ਧਰ ਚਰ। ਕਿਰਨੰ ਧਰ ਧਰ ਚਰ। ਛਟਾ ਧਰ ਧਰ ਚਰ। ੯੦. ਰਜਨੀਸਰ=ਰਾਤ ਦਾ ਰਾਜਾ ਚੰਦ। ਦਿਨਹਾ=ਰਾਤ ਨੂੰ ਨਾਸ ਕਰਨ ਵਾਲਾ ਚੰਦ। ਧਰ ਧਰ=ਰਾਤ ਦੇ ਧਾਰਨ ਵਾਲਾ ਚੰਦ ਅਗੇ ਚੰਦ ਧਰ ਨਾਮ ਚੰਦ੍ ਬਾਣ ਦਾ ਹੈ। ਭਾਵ ਦਿਨਹਾ ਨਾਮ ਰਾਤ ਦਾ ਹੈ ਅਤੇ ਅਗੇ ਧਰ=ਨਾਮ ਰਾਤ ਦੇ ਧਾਰਨ ਵਾਲਾ ਚੰਦ੍ਰਮਾ ਹੈ। ਅਗੇ ਧਰ= ਚੰਦ ਦੇ ਧਾਰਨ ਵਾਲਾ ਅਕਾਸ਼ ਹੈ। ੯੧. ਦਿਨ ਘਾਤਨੀ=ਰਾਤ। ਚਰ= ਵਿਚਰਨਾ ਭਾਵ ਫਿਰਨਾ ਅਗੇ ਧਰ=ਧਰਨ ਵਾਲਾ ਭਾਵ ਚਰ=ਰਾਤ ਵਿਚ ਫਿਰਨ ਵਾਲਾ ਚੰਦ੍ਰਮਾ ਅਤੇ ਚੰਦ ਦੇ ਧਾਰਨ ਵਾਲਾ ਚੰਦ੍ ਬਾਣ।

Sri Satguru Jagjit Singh Ji eLibrary NamdhariElibrary@gmail.com

॥ ੯੨ ॥ ਰੈਨਿ ਅੰਧ ਪੰਤਿ ਮਹਾਂ ਨਿਸਿ ਨਿਸਿ ਈਸਰ ਨਿਸਿ ਰਾਜ ॥ ਚੰਦ੍ ਬਾਨ ਚੰਦ੍ਰਹਿ ਧਰਜੋ ਚਿਤ੍ਰਨ ਕੇ ਬਧ ਕਾਜ ॥ ੯੩ ॥ ਸਭ ਕਿਰਨਨ ਕੇ ਨਾਮ ਕਹਿ ਧਰਪਦ ਬਹੁਰ ਉਚਾਰ ॥ ਪੁਨ ਧਰ ਕਹੁ ਸਭ ਬਾਨ ਕੇ ਜਾਨੁ ਨਾਮ ਨਿਰਧਾਰ ॥ ੯੪ ॥ ਸਭ ਸਮੁੰਦਰ ਕੇ ਨਾਮ ਲੈ ਅੰਤ ਸਬਦ ਸਤ ਦੇਹੁ ॥ ਪੁਨ ਧਰ ਸਬਦ ਉਚਾਰੀਐ ਨਾਮ ਬਾਣ ਲਖਿ ਲੇਹੁ ॥ ੯੫ ॥ ਜਲ ਪਤਿ ਜਲ ਲੈ ਨਦੀ ਪਤਿ ਕਹਿ ਸਤਪਦ ਕੋ ਦੇਹੁ ॥ ਪੁਨਿ ਧਰ ਸਬਦ ਬਖਾਨੀਐ ਨਾਮ ਬਾਣ ਲਖਿ ਲੇਹੁ ॥ ੯੬ ॥ ਨੀਰਾਲੈ ਸ਼ਰਤਾਧਿਪਤਿ ਕਹਿ ਸਤ ਪਦ ਕੋ ਦੇਹੁ ॥ ਪੁਨਿ ਧਰ ਸਬਦ ਬਖਾਨੀਐ ਨਾਮ ਬਾਣ ਲਖਿ ਲੇਹੁ ॥ ੯੭ ॥ ਸਭੈ ਝਖਨ ਕੇ ਨਾਮ ਲੈ ਬਿਰੀਆਂ ਕਹਿ ਲੈ ਏਕ ॥ ਸਤ ਭਰ ਕਹੁ ਸਭ ਨਾਮ ਸਰ ਨਿਕਸਤ ਜਾਹਿ ਅਨੇਕ ॥ ੯੮ ॥ ਸਭ ਜਲ ਜੀਵਨਿ ਨਾਮ ਲੈ ਆਸ੍ਰੈ ਬਹੁਰਿ ਬਖਾਨ ॥ ਸਤ੍ ਧਰ ਬਹੁਰ ਬਖਾਨੀਐ ਨਾਮ ਬਾਨ ਸਭ ਜਾਨ ॥ ੯੯ ॥ ਧਰੀ ਨਗਨ ਕੇ ਨਾਮ ਕਹਿ ਧਰਸਤ ਪੁਨਿ ਪਦ ਦੇਹੁ ॥ ਪੁਨਿ ਧਰ ਸਬਦ ਬਖਾਨੀਐ ਨਾਮ ਬਾਨ ਲਖਿ ਲੇਹੁ ॥ ੧੦੦ ॥ ਬਾਸਵ ਕਹਿ ਅਰਿ ਉਚਰੀਐ ਧਰਸਤ ਧਰ ਪੁਨਿ ਭਾਖੁ ॥ ਨਾਮ ਸਕਲ ਸ੍ਰੀ ਬਾਨ ਕੇ ਜਾਨ ਜੀਅ ਮੈ ਰਾਖੁ ॥ ੧੦੧ ॥ ਪੁਹਪ ਧਨਖ ਕੇ ਨਾਮ ਕਹਿ ਆਯੁਧ ਬਹੁਰ

---

੯੨. ਸਸ ਉਪਰਾਜਨ=ਚੰਦ੍ਰਮਾਂ ਦੇ ਪੈਦਾ ਕਰਨ ਵਾਲੀ ਰਾਤ। ਅੱਗੇ ਰਵਿ ਹਰਨ=ਰਾਤ ਫੇਰ ਚਰ=ਰਾਤ ਦੇ ਵਿਚ ਫਿਰਨ ਵਾਲਾ ਚੰਦ੍ਰਮਾਂ ਅਗੇ ਚੰਦ ਦੇ ਧਾਰਨ ਵਾਲਾ ਚੰਦ੍ ਬਾਣ। ੯੩. ਅੰਧ ਪੰਤਿ=ਰਾਤ। ਨਿਸ ਈਸਰ=ਚੰਦ। ਮਹਾਂਨਿਸ=ਵੱਡੀ ਰਾਤ। ਨਿਸਰਾਜ=ਚੰਦ। ਭਾਵ ਹਾਤ ਰਾਜਾ ਚੰਦ ਸੋ ਅਗੇ ਚੰਦ੍ ਬਾਣ ਭਾਵ ਚੰਦ ਨੇ ਇਸਤ੍ਰੀਆਂ ਦੇ ਮਾਰਨ ਵਾਸਤੇ ਅਵਤਾਰ ਧਾਰਿਆ ਹੈ।

੯੪. ਕਿਰਨਾਂ ਦੇ ਅਗੇ ਧਰ=ਧਾਰਨ ਵਾਲਾ ਚੰਦ੍ਰਮਾ ਅਗੇ ਧਰ ਫੇਰ ਆਪੇ ਭਾਵ ਚੰਦ ਧਰ=ਚੰਦ੍ ਬਾਣ=ਤੀਰ ਦਾ ਹੀ ਨਾਮ ਹੈ।

੯੫. ਸਮੁੰਦ੍ ਸਤ=ਸਮੁੰਦ੍ ਦਾ ਪੁਤ੍=ਚੰਦ ਹੈ ਅ ਗੇ ਚੰਦ ਧਰ=ਬਾਣ।

੯੬. ਜਲ ਪਤਿ=ਸਮੁੰਦ੍। ਜਲ ਲੈ=ਸਮੁੰਦ੍। ਨਦੀ ਪਤਿ–ਸਮੁੰਦ੍। ਅਗੇ ਸਮੁੰਦ੍ ਦਾ ਸਤ=ਪੁਤ੍ ਚੰਦ ਹੈ ਭਾਵ ਚੰਦ ਬਾਣ। ੯੭. ਨੀਰਾਲੇ ਤੇ ਸਰਤਾਧਪਤਿ=ਸਮੁੰਦ੍ ਹੈ ਸਤ=ਪੁਤ੍ ਭਾਵ ਸਮੁੰਦ੍ ਦਾ। ਪੁਭ ਚੰਦ ਹੈ ਸੋ ਚੰਦ੍ ਧਰ=ਬਾਣ ਦਾ ਨਾਮ ਹੈ। ੯੮. ਝਖਨ=ਮੱਛੀਆਂ। ਬਿਰੀਆ=ਆਸਰਾ। ਸਤ=ਪੁਤ੍। ਭਾਵ ਮੱਛੀਆਂ ਦਾ ਆਸਰਾ ਸਮੁੰਦ੍ ਤੇ ਸਮੁੰਦ੍ ਦਾ ਪੁਤ੍ ਚੰਦ੍ਰਮਾ ਤੇ ਚੰਦ੍ਰਮਾਂ ਦੇ ਅੱਗੇ ਧਰ ਜੋੜ ਦਿਓ ਸੋ ਚੰਦ ਧਰ=ਚੰਦ੍ ਬਾਣ ਦਾ ਨਾਮ ਹੈ।

੯੯. ਜਲ ਜੀਵ ਆਸਰਾ ਸਤ ਧਰ=ਜੀਆਂ ਦਾ ਆਸਰਾ ਸਮੁੰਦ੍ ਅਤੇ ਸਮੁੰਦ੍ ਦਾ ਪੁਤ੍ ਚੰਦ ਸੋ ਚੰਦ੍ ਧਰ=ਬਾਣ ਹੈ। ੧੦੦. ਧਰੀ=ਧਰਤੀ ਵਾਲੇ, ਨਗਨ=ਪਹਾੜ ਅਗੇ ਪਹਾੜਾਂ ਜਾਂ ਧਰਤੀ ਦੇ ਧਾਰਨ ਵਾਲੇ ਸਮੁੰਦ੍ ਅਗੇ ਸਮੁੰਦ੍ਰਾਂ ਦੇ ਧਾਰਨ ਵਾਲਾ ਅਕਾਸ ਹੈ। ਜਾਂ ਧਰਤੀ ਦੇ ਧਾਰਨ ਵਾਲਾ ਸਮੁੰਦ੍ ਅਤੇ ਪਹਾੜਾਂ ਦੇ ਧਾਰਨ ਵਾਲਾ ਵੀ ਸਮੁੰਦ੍ ਅਤੇ ਸਮੁੰਦ੍ ਦਾ ਸਤ=ਪੁਤ੍ ਚੰਦ੍ਰਮਾਂ ਸੋ ਚੰਦ੍ ਬਾਣ ਹੈ, ਚੰਦ ਧਰ ਜੋੜਕੇ ਚੰਦ੍ ਬਾਣ ਹੁੰਦਾ ਹੈ। ਭਾਵ ਧਰੀ ਧਰ ਸਤ ਦੂਸਰਾ ਨਗਨ ਧਰ ਸਤ। ੧੦੧. ਬਾਸਵ ਅਰਿ ਧਰ ਸਤ ਧਰ=ਇੰਦ੍ ਦਾ ਵੈਰੀ ਪਹਾੜ, ਅਗੇ ਪਹਾੜਾਂ ਨੂੰ ਧਾਰਨ ਵਾਲਾ ਸਮੁੰਦ੍ ,ਅਗੇਸਮੁੰਦ੍ ਦਾ ਪੁਤ੍ ਚੰਦ ਅਗੇ ਚੰਦ,ਨਾਲ ਧਰ ਜੋੜਕੇ ਚੰਦਧਰ=ਚੰਦ੍ਰਬਾਣ=ਤੀਰ ਦਾ ਨਾਮ ਹੈ।

Sri Satguru Jagjit Singh Ji eLibrary NamdhariElibrary@gmail.com

ਉਚਾਰ ॥ ਨਾਮ ਸਕਲ ਸ੍ਰੀ ਬਾਣ ਕੇ ਨਿਕਸਤ ਚਲੈ ਅਪਾਰ ॥ ੧੦੨ ॥ ਸਕਲ ਮੀਨ ਕੇ ਨਾਮ ਕਹਿ ਕੇਤੁਵਾਯੁਧ ਕਹਿ ਅੰਤ ॥ ਨਾਮ ਸਕਲ ਸ੍ਰੀ ਬਾਣ ਕੇ ਨਿਕਸਤ ਜਾਹਿ ਅਨੰਤ ॥ ੧੦੩ ॥ ਪੁਹਪ ਆਦਿ ਕਹਿ ਧਨੁਖ ਕਹਿ ਧਰ ਆਯੁੱਧਹਿ ਬਖਾਨ ॥ ਨਾਮ ਸਕਲ ਸ੍ਰੀ ਬਾਣ ਕੇ ਨਿਕਸਤ ਜਾਤ ਅਪ੍ਰਮਾਨ ॥ ੧੦੪ ॥ ਆਦਿ ਭ੍ਰਮਰ ਕਹਿ ਪਨਚ ਕਹਿ ਧਰ ਧਰ ਸਬਦ ਬਖਾਨ ॥ ਨਾਮ ਸਕਲ ਸ੍ਰੀ ਬਾਨ ਕੇ ਜਾਨਹੁ ਗੁਨਨ ਨਿਧਾਨ ॥ ੧੦੫ ॥ ਸਭ ਭਲਕਨ ਕੇ ਨਾਮ ਕਹਿ ਆਦਿ ਅੰਤ ਧਰ ਦੇਹੁ ॥ ਨਾਮ ਸਕਲ ਸ੍ਰੀ ਬਾਨ ਕੇ ਚੀਨ੍ਹ ਚਤੁਰ ਚਿਤ ਲੇਹੁ ॥ ੧੦੬ ॥ ਸੋਰਠਾ ॥ ਜਿਹੱ ਧਰ ਪ੍ਰਿਥਮ ਬਖਾਨ ਤਿਹੱ ਸਤ ਬਹੁਰ ਬਖਾਨੀਐ ॥ ਸਰ ਕੇ ਨਾਮ ਅਪਾਰ ਚਤੁਰ ਚਿਤ ਮੈਂ ਜਾਨੀਐ ॥ ੧੦੭ ॥ ਦੋਹਰਾ ॥ ਬਿਸਕੇ ਨਾਮ ਉਚਾਰਿਕੈ ਬਿਖ ਪਦ ਬਹੁਰ ਬਖਾਨ ॥ ਨਾਮ ਸਕਲ ਹੀ ਬਾਣ ਕੇ ਲੀਜੋ ਚਤੁਰ ਪਛਾਨ ॥ ੧੦੮ ॥ ਬਾ ਪਦ ਪ੍ਰਿਥਮ ਬਖਾਨ ਕੈ ਪੁਨਿ ਨਕਾਰ ਪਦ ਦੇਹੁ ॥ ਨਾਮ ਸਕਲ ਸ੍ਰੀ ਬਾਨ ਕੇ ਜਾਨ ਚਤੁਰ ਚਿਤ ਲੇਹੁ ॥ ੧੦੯ ॥ ਕਾਨੀ ਨਾਮ ਬਖਾਨ ਕੈ ਧਰ ਪਦ ਬਹੁਰ ਬਖਾਨ ॥ ਹਿਰਦੇ ਸਮਝਉ ਚਤੁਰ ਤੁਮ ਸਕਲ ਨਾਮ ਏ ਬਾਨ ॥ ੧੧੦ ॥ ਫੋਕ ਸਬਦ ਪ੍ਰਿਥਮੈਂ ਉਚਰਿ ਧਰ ਪਦ ਬਹੁਰੋ ਦੇਹੁ ॥ ਨਾਮ ਸਕਲ ਸ੍ਰੀ ਬਾਨ ਕੇ ਚਤੁਰ ਹ੍ਰਿਦੈ ਲਖਿ ਲੇਹੁ ॥ ੧੧੧ ॥ ਪਸੁਪਤਿ ਪ੍ਰਥਮ ਬਖਾਨਿਕੈ ਅਸੁਰ ਸਬਦ ਪੁਨਿ ਦੇਹੁ ॥ ਨਾਮ ਸਕਲ ਸ੍ਰੀ ਬਾਨ ਕੇ ਚਿੱਤ ਚਤੁਰ ਲਖਿ ਲੇਹੁ ॥ ੧੧੨ ॥ ਸਹਸ ਨਾਮ ਸਿਵ ਕੇ ਉਚਰਿ ਅਸੁਰ ਸਬਦ ਪੁਨਿ ਦੇਹੁ ॥ ਨਾਮ ਸਕਲ ਸ੍ਰੀ ਬਾਨ ਕੇ ਚਤੁਰ ਚੀਨ ਚਿਤ ਲੇਹੁ ॥ ੧੧੩ ॥ ਪ੍ਰਿਥਮ ਕਰਨ ਕੇ ਨਾਮ ਕਹਿ ਪੁਨਿ ਅਰਿ ਸਬਦ ਬਖਾਨ ॥ ਨਾਮ ਸਕਲ ਸ੍ਰੀ ਬਾਨ ਕੇ ਲੀਜੋ ਚਤੁਰ ਪਛਾਨ ॥ ੧੧੪ ॥ ਭਾਨੁ ਜਾਤ ਕਰਨਾਂਤ ਕਰ ਐਸੀ ਭਾਂਤਿ ਬਖਾਨ ॥ ਨਾਮ

---

੧੦੨. ਪੁਹਪ ਧਨਖ ਆਯਧ=ਫੁੱਲਾਂ ਦੇ ਧਨਖ ਵਾਲਾ ਕਾਮ ਅਗੇ ਕਾਮ ਦਾ ਹਥਿਆਰ ਬਾਣ ਹੈ। ੧੦੩. ਮੀਨ ਕੇਤ ਆਯੁਧ=ਕਾਮ, ਦਾ ਬਾਣ।

੧੦੪. ਪੁਹਪ ਧਨਖ ਧਰ ਆਯੁਧ=ਫੁਲਾਂ ਦਾ ਧਨਖ ਸੋ ਧਨਖ ਦੇ ਧਾਰਨ ਵਾਲਾ ਕਾਮ ਤੇ ਕਾਮ ਦਾ ਸ਼ਸਤ੍ਰ ਬਾਣ ਹੈ। ੧੦੫. ਭ੍ਰਮਰ ਪਨਚ ਧਰ ਧਰ=ਜਿਸ ਦਾ ਭੌਰਿਆਂ ਦਾ ਚਿੱਲਾ ਹੈ ਉਸ ਦੇ ਧਾਰਨਵਾਲਾ ਧਨਖ ਸੋ ਧਨਖ ਧਰ= ਕਾਮ ਤੇ ਕਾਮ ਬਾਣ ਹੈ। ੧੦੬. ਭਲਕ ਧਰ=ਮੁਖੀ ਦੇ ਧਾਰਨ ਵਾਲਾ ਸੋ ਬਾਣ। ੧੦੭. ਜਿਹ ਚਿਲਾ । ਧਰ=ਧਾਰਨਾ । ਸਤ=ਪੁਤ੍ਰ। ਚਿਲੇ ਦੇ ਧਾਰਨ ਵਾਲਾ ਧਨਖ ਹੈ ਤੇ ਧਨਖ ਦਾ ਪੁਤ੍ਰ=ਬਾਣ ਹੈ।

੧੦੮. ਵਿਹੁ ਦੇ ਖਾਣ ਵਾਲਾ ਬਾਣ ਭਾਵ ਵਿਹੁ ਵਿਚ ਲਿਬੜਿਆ ਹੁੰਦਾ ਹੈ ਸੋ ਚੰਗੀ ਮਾਰ ਮਾਰਦਾ ਹੈ। ੧੦੯. ਬਾ ਨ ਦਾ ਬਾਨ ਬਣਿਆ ਹੈ। ੧੧੦. ਕਾਨੀ ਧਰ ਬਾਣ। ੧੧੧. ਫੋਕ ਧਰ=ਬਾਗੜ ਦੇ ਧਾਰਨ ਵਾਲਾ ਸੋ ਬਾਣ । ੧੧੨. ਪਸਪਤਿ ਅਸੁਰ=ਸਿਵਜੀ ਦਾ ਵੈਰੀ ਕਾਮ=ਕਾਮ ਦਾ ਸ਼ਸਤ੍ਰ ਬਾਣ ਅਸੁਰ=ਵੈਰੀ ਦਾ ਨਾਮ ਹੈ।

੧੧੩. ਸਿਵਜੀ ਦਾ ਅਸੁਰ=ਵੈਰੀ ਸੋ ਕਾਮ ਹੈ ਸੋ ਕਾਮ ਬਾਣ ਹੋਇਆ।

੧੧੪. ਕਰਨ ਅਰਿ=ਕਰਨ ਰਾਜਾ ਦਾ ਵੈਰੀ ਸੋ ਬਾਣ।

Sri Satguru Jagjit Singh Ji eLibrary NamdhariElibrary@gmail.com

ਸਕਲ ਸ੍ਰੀ ਬਾਨ ਕੇ ਚਤੁਰ ਲੀਜੀਅਹੁ ਜਾਨ ॥ ੧੧੫ ॥ ਸਭ ਅਰਜੁਨ ਕੇ ਨਾਮ ਕਹਿ ਆਯੁਧ ਸਬਦ ਬਖਾਨ ॥ ਨਾਮ ਸਕਲ ਸ੍ਰੀ ਬਾਨ ਕੇ ਲੀਜਹੁ ਚਤੁਰ ਪਛਾਨ ॥੧੧੬॥ ਜਿਸਨ ਧਨੰਜੈ ਕ੍ਰਿਸਨ ਭਨਿ ਸੇਵਤ ਅਸਿ ਲੈ ਨਾਇ ॥ ਆਯੁਧ ਬਹੁਰ ਬਖਾਨੀਅਹੁ ਸਬੈ ਬਾਨ ਹੁਇ ਜਾਇ ॥ ੧੧੭ ॥ ਅਰਜੁਨ ਪਾਰਥ ਕੇਸਗੁਡ਼ ਸਾਚੀ ਸੱਬਜ ਬਖਾਨ ॥ ਆਯੁਧ ਬਹੁਰ ਬਖਾਨੀਐ ਨਾਮ ਬਾਨ ਕੇ ਜਾਨ ॥ ੧੧੮ ॥ ਬਿਜੈ ਕਪੀ ਧੁਜ ਜੈਦ੍ਰਥਰਿਸੂਰਜ ਜਾਰਿ ਫੁਨ ਭਾਖੁ ॥ ਆਯੁਧ ਬਹੁਰ ਬਖਾਨੀਐ ਨਾਮ ਬਾਨ ਲਖਿ ਰਾਖੁ ॥ ੧੧੯ ॥ ਤਿਮਰਰਿ ਬਲਬ੍ਰਤ ਨਿਸਚਹਾ ਕਹਿਸਤ ਬਹੁਰ ਉਚਾਰ ॥ ਆਯੁਧ ਉਚਰ ਸ੍ਰੀ ਬਾਨ ਕੇ ਨਿਕਸਹਿ ਨਾਮ ਅਪਾਰ ॥ ੧੨੦ ॥ ਸਹਸ੍ਰ ਬਿਸਨ ਕੇ ਨਾਮ ਲੈ ਅਨੁਜ ਸਬਦ ਕੈ ਦੇਹੁ ॥ ਤਨਜ ਉਚਰਿ ਪੁਨਿ ਸਸਤ੍ਰ ਕਹਿ ਨਾਮੁ ਬਾਨ ਲਖਿ ਲੇਹੁ ॥ ੧੨੧ ॥ ਨਰਕਿ ਨਿਵਾਰਨ ਅਘਹਰਨ ਕ੍ਰਿਪਾ ਸਿੰਧ ਕੈ ਭਾਖੁ ॥ ਅਨੁਜ ਤਨੁਜ ਕਹਿ ਸਸਤ੍ਰ ਕਹੁ ਨਾਮ ਬਾਨ ਲਖਿ ਰਾਖੁ ॥ ੧੨੨ ॥ ਬਿਘਨ ਹਰਨ ਬਿਆਧਨਿ ਦਰਨ ਪ੍ਰਿਥਮਜ ਸਬਦ ਬਖਾਨ ॥ ਅਨੁਜ ਤਨੁਜ ਕਹਿ ਸਸਤ੍ਰ ਕਹੁ ਨਾਮ ਬਾਨ ਜੀਅ ਜਾਨ ॥ ੧੨੩ ॥ ਮਕਰਕੇਤ ਕਹਿ ਮਕਰਧੁਜ ਪੁਨਿ ਆਯੁਧ ਪਦੁ ਦੇਹੁ॥ਸਭੈ ਨਾਮ ਸ੍ਰੀ ਬਾਨ ਕੇ ਚੀਨ੍ਹ ਚਤੁਰ ਚਿਤ ਲੇਹੁ॥੧੨੪॥

---

੧੧੫. ਭਾਨ ਜਾਤ=ਸੂਰਜ ਦਾ ਪੁਤ੍ਰ ਕਰਨ ਸੋ ਕਰਨਾਤਕਰ=ਕਰਨ ਰਾਜੇ ਦੇ ਅੰਤ ਕਰਨ ਵਾਲਾ ਸੋ ਬਾਣ। ੧੧੬. ਅਰਜਨ ਸਸਤ੍ਰ=ਬਾਣ। ੧੧੭. ਜਿਸਨ=ਅਰਜਨ। ਧਨੱਜੈ=ਅਰਜਨ। ਭਾਵ ਅਰਜਨ ਕਾ ਸਸਤ੍ਰ=ਬਾਣ। ੧੧੮. ਪਾਰਥ=ਅਰਜਨ। ਕੇਸਗੁੜ=ਅਰਜਨ। ਸਾਚੀ ਸਬੈ=ਸੱਜੇ ਖੱਬੇ ਸ਼ਸਤ੍ਰ ਚਲਾਉਣ ਵਾਲਾ ਅਰਜਨ। ੧੧੯. ਬਿਜੈ=ਅਰਜਨ। ਕਪੀ ਧੁਜ=ਅਰਜਨ। ਜੈਦ੍ਰਥਰਿ=ਦੁਰਜੋਧਨ ਦਾ ਭਣਵੱਈਆ ਜੈਦਰਥ ਸੀ ਜੈਦਰਥ ਦਾ ਵੈਰੀ ਅਰਜਨ। ਸੂਰਜ ਜਾਰ=ਸੂਰਜ ਦੇ ਪੁਤ੍ਰ ਕਰਨ ਦਾ ਵੈਰੀ ਅਰਜਨ। ੧੨੦. ਤਿਮਰਰਿ=ਸੂਰਜ ਭਾਵ ਹਨੇਰੇ ਦਾ ਵੈਰੀ ਸੂਰਜ। ਬਲਬ੍ਰਤ=ਸੂਰਜ। ਨਿਸਚਹਾ=ਸੂਰਜ। ਸੋ ਸਭ=ਸੂਰਜ ਦਾ ਪੁਤ੍ਰ ਅਰਜਨ ਅਤੇ ਅਰਜਨ ਦਾ ਸ਼ਸਤ੍ਰ ਬਾਣ। ੧੨੧. ਬਿਸਨ, ਅਨਜ, ਤਨਜ, ਸ਼ਸਤ੍ਰ=ਵਿਸ਼ਨੂੰ ਦਾ ਅਨਜ=ਭਰਾ ਬਾਵਨ ਅਵਤਾਰ ਜਾਂ ਇੰਦ੍ ਅਤੇ ਇੰਦ੍ ਦਾ ਤਨਜ=ਪੁਤ੍ ਅਰਜਨ ਅਗੇ ਅਰਜਨ ਦਾ ਸ਼ਸਤ੍ ਬਾਣ। ੧੨੨. ਨਰਕਾਂ ਨੂੰ ਦੂਰ ਕਰਨ ਵਾਲਾ ਤੇ ਪਾਪਾਂ ਦਾ ਨਾਸ ਕਰਨ ਵਾਲਾ, ਕ੍ਰਿਪਾ ਦਾ ਸਮੁੰਦ੍ ਆਖੇ ਵਿਸ਼ਨ ਭਗਵਾਨ ਸੋ ਤਿਸ ਦਾ ਭਰਾ ਬਾਵਨ ਅਵਤਾਰ ਭਾਵ ਵਿਸ਼ਨੂੰ ਦਾ ਅਵਤਾਰ ਜੋ ਬਾਵਨ ਅਵਤਾਰ ਹੋਇਆ ਸੋ ਭਰਾ ਹੀ ਲੱਗਾ ਭਾਵ ਬਾਵਨ ਅਵਤਾਰ ਦਾ ਭਰਾ ਇੰਦ੍ ਹੈ, ਸੋ ਅਗੇ ਇੰਦ੍ ਦਾ ਪੁਤ੍ ਅਰਜਨ ਤੇ ਅਰਜਨ ਦਾ ਸ਼ਸਤ੍ ਬਾਣ। ੧੨੩. ਵਿਘਨਾਂ ਦੇ ਨਾਸ ਕਰਨ ਵਾਲਾ ਬਿਆਧੁ ਪਰਨ=ਵਿਆਧੀਆਂ ਦੇ ਉਪਰਨ=ਪੁੱਟਣ ਵਾਲਾ ਬਿਸਨ=ਬਾਵਨ ਅਵਤਾਰ ਅਤੇ ਬਾਵਨ ਅਵਤਾਰ ਦਾ ਭਰਾ ਇੰਦ੍ ਤੇ ਇੰਦ੍ ਦਾ ਤਨਜ=ਪੁਤ੍ ਅਰਜਨ ਤੇ ਅਰਜਨ ਦਾ ਸ਼ਸਤ੍ ਬਾਣ। ੧੨੪. ਮਕਰ ਕੇਤ=ਕਾਮ। ਮਕਰ ਧੁਜ=ਕਾਮ। ਕਾਮ ਦਾ ਹਥਿਆਰ ਬਾਣ। ੧੨੫. ਫੁੱਲਾਂ ਦਾ ਧਨਖ ਕਾਮ ਦਾ ਹੈ ਅਗੇ ਅਲਪਨਚ=ਚਿਲਾ ਜਿਸਦਾ ਭੌਰੇ ਹਨ, ਸੋ ਕਾਮ ਦਾ ਹਥਿਆਰ ਬਾਣ ਹੈ।

Sri Satguru Jagjit Singh Ji eLibrary NamdhariElibrary@gmail.com

ਪੁਹਪ ਧਨੁਖ ਅਲਿਪਨਚ ਕੇ ਪ੍ਰਿਥਮੈ ਨਾਮ ਬਖਾਨ ॥ ਆਯੁਧ ਬਹੁਰ ਬਖਾਨੀਐ ਜਾਨੁ ਨਾਮ ਸਭ ਬਾਨ ॥ ੧੨੫ ॥ ਸੰਬਰਾਰਿ ਤ੍ਰਿਪੁਰਾਰਿ ਅਰਿ ਪ੍ਰਿਥਮੈ ਸਬਦ ਬਖਾਨ ॥ ਆਯੁਧ ਦੁਹੁਰ ਬਖਾਨੀਐ ਨਾਮ ਬਾਨ ਕੇ ਮਾਨ ॥ ੧੨੬ ॥ ਸ੍ਰੀ ਸਾਰੰਗਾਗ੍ਰ ਬੀਰਹਾ ਬਲਹਾ ਬਾਨ ਬਖਾਨ ॥ ਬਿਸਿਖ ਬਿਸੀ ਬਾਸੀ ਧਰਨ ਬਾਨ ਨਾਮ ਜੀਅ ਜਾਨ ॥ ੧੨੭ ॥ ਬਿਖ ਕੇ ਪ੍ਰਿਥਮੈ ਨਾਮ ਕਹਿ ਧਰ ਪਦ ਬਹੁਰੋ ਦੇਹੁ ॥ ਨਾਮ ਸਕਲ ਸ੍ਰੀ ਬਾਨ ਕੇ ਚਤੁਰ ਚਿੱਤ ਲਖਿ ਲੇਹੁ ॥ ੧੨੮ ॥ ਸਕਲ ਸਿੰਧ ਕੇ ਨਾਮ ਲੈ ਤਨੈ ਸਬਲ ਕੌ ਦੇਹੁ ॥ ਧਰ ਪਦ ਬਹੁਰ ਬਖਾਨੀਐ ਨਾਮ ਬਾਨ ਲਖਿ ਲੇਹੁ ॥ ੧੨੯ ॥ ਉਦਧਿ ਸਿੰਧ ਸਰਤੇਸਜਾ ਕਹਿ ਧਰ ਬਹੁਰ ਬਖਾਨ ॥ ਬੰਸੀਧਰ ਕੇ ਨਾਮ ਸਭ ਲੀਜਹੁ ਚਤੁਰ ਪਛਾਨ ॥ ੧੩੦ ॥ ਬੱਧ ਨਾਸਨੀ ਬੀਰਹਾ ਬਿਖ ਬਿਸਖਾਗ੍ਰਜ ਬਖਾਨ ॥ ਧਰ ਪਦ ਬਹੁਰ ਬਖਾਨੀਐ ਨਾਮ ਬਾਨ ਕੇ ਮਾਨ ॥ ੧੩੧ ॥ ਸਭ ਮਨੁਖਨ ਕੇ ਨਾਮ ਕਹਿ ਹਾ ਪਦ ਬਹੁਰੋ ਦੇਹੁ॥ ਸਕਲ ਨਾਮ ਸ੍ਰੀ ਬਾਨ ਕੇ ਚਤੁਰ ਚਿੱਤ ਲਖਿ ਲੇਹੁ ॥ ੧੩੨ ॥ ਕਾਲ ਕੂਟ ਕਹਿ ਕਸਟ ਕਰਿ ਸਿਵਕੰਠੀ ਅਹਿ ਉਚਾਰ ॥ ਧਰਪਦ ਬਹੁਰ ਬਖਾਨੀਐ ਜਾਨੁ ਬਾਨ ਨਿਰਧਾਰ ॥ ੧੩੩ ॥ ਸਿਵ ਕੋ ਨਾਮ ਉਚਾਰਿ ਕੈ ਕੰਠੀ ਪਦ ਪੁਨਿ ਦੇਹੁ ॥ ਪੁਨ ਧਰ ਸਬਦ ਬਖਾਨੀਐ ਨਾਮ ਬਾਨ ਲਖਿ ਲੇਹੁ ॥ ੧੩੪ ॥ ਬਿਆਧ ਬਿਖੀ ਮੁਖ ਪ੍ਰਿਥਮ ਕਹਿ ਧਰ ਪਦ ਬਹੁਰ ਬਖਾਨ ॥ ਨਾਮ ਸਭੈ ਏ ਬਾਨ ਕੇ ਲੀਜੋ ਚਤੁਰ ਪਛਾਨ ॥ ੧੩੫ ॥ ਖਪਰਾਨਾਲਿਕ ਧਨੂਖ ਸਤਿ ਲੈ ਸੁ ਕਮਾਨ ਜਨਾਉ ॥ ਸੱਕਰ ਕਾਨ ਨਰਾਂਚ ਭਨਿ

---

੧੨੬. ਸੰਭਰਾਰ=ਸੰਬਰ ਦਾ ਵੈਰੀ ਪ੍ਰਦੁਮਨ ਭਾਵ ਕਾਮ ਦਾ ਅਵਤਾਰ ਪ੍ਰਦੁਮਨ ਸੀ, ਅਗੇ ਤ੍ਰਿਪਰਾਰ=ਦੈਂਤ ਦਾ ਵੈਰੀ ਸ਼ਿਵਜੀ ਅਤੇ ਸ਼ਿਵਜੀ ਦਾ ਅਰੀ ਕਾਮ ਅਗੇ ਕਾਮ ਦਾ ਹਥਿਆਰ ਬਾਣ। ੧੨੭. ਸ੍ਰੀ ਸਾਰਿੰਗ ਗ੍ਰ=ਸੋਹਣਾ ਸੁਭਾਇਮਾਨ ਹਰਨ ਉਸਦੇ ਗ੍ਰ=ਗਰੱਸਨ ਭਾਵ ਫੜਨ ਵਾਲਾ ਤੀਰ ਜਾਂ ਸੋਹਣੇ ੨ ਘੋੜਿਆਂ ਹਾਥੀਆਂ ਚੇ ਫੜਨ ਵਾਲਾ ਸੋ ਤੀਰ ਹੈ, ਸੂਰਮਿਆਂ ਤੇ ਬਲੀਆਂ ਦੇ ਹਾ=ਨਾਸ ਕਰਨ ਵਾਲਾ ਸੋ ਤੀਰ ਹੈ। ਵਿਹੁ ਦੇ ਧਾਰਨ ਵਾਲਾ ਤੀਰ। ਬਾਂਸੀ ਕਾਨੀ ਭਾਵ=ਵਾਂਸ ਦੇ ਧਰਨ ਵਾਲਾ ਸੋ ਤੀਰ।

੧੨੮. ਵਿਹੁ ਧਰ=ਬਾਣ ਦਾ ਹੀ ਨਾਮ ਹੈ।

੧੨੯. ਸਿੰਧ ਤਨੇ ਧਰ=ਸਮੁੰਦ੍ਰ ਦੀ ਧੀ ਵਿਹੁ ਤੇ ਵਿਹੁ ਦੇ ਧਰਨ ਵਾਲਾ ਤੀਰ । ੧੩੦. ਉਦਧ=ਸਮੁੰਦ੍ਰ । ਸਿੰਧ=ਸਮੁੰਦ੍ਰ । ਸਰਤੇਸ ਜਾਂ ਨਦੀਆਂ ਦਾ ਮਾਲਕ ਸਮੁੰਦ੍ਰ ਤੇ ਸਮੁੰਦ੍ਰ ਦੀ ਜੰਮੀ ਹੋਈ ਧੀ ਵਿਹੁ ਤੇ ਵਿਹੁ ਧਰ=ਤੀਰ। ਬੰਸੀ ਧਰ=ਕਾਨੀ ਧਰ ਤੀਰ। ੧੩੧. ਬਧ=ਸਰੀਰ ਦਾ ਨਾਸ ਕਰਨ ਵਾਲੀ ਵਿਹੁ ਧਰ ਨਾਲ ਜੋੜੇ ਸੋ ਬਾਣ ਅੱਗੇ ਸੂਰਮਾ ਅਗੇ ਹਾ=ਨਾਸ ਕਰਨ। ਵਿਹੁ ਨੂੰ ਅਗੇ ਧਰਨ ਵਾਲਾ ਤੀਰ ਹੈ ਜਾਂ=ਧੀ ਸਮੁੰਦ੍ਰ ਦੀ ਵਿਹੁ ਹੈ ਸੋ ਜੋ ਵਿਹੁ ਧਰ ਹੋਵੇ ਸੋ ਬਾਣ। ੧੩੨. ਮਨੁਖਹਾ=ਵਿਹੁ ਤੇ ਵਿਹੁ ਧਰ ਬਾਣ ਹੈ। ੧੩੩. ਕਾਲ ਕੂਟ=ਵਿਹੁ। ਕਸਟ ਕਰ=ਦੁਖ ਦੇਣ ਵਾਲੀ। ਸ਼ਿਵਕੰਠੀ=ਵਿਹੁ। ਭਰ ਨਾਲ ਜੋੜ ਕੇ ਵਿਹੁਧਰ=ਬਾਣ ਦਾ ਨਾਮ ਹੈ।

੧੩੪. ਸ਼ਿਵਕੰਠ ਧਰ=ਵਿਹ ਧਰ=ਬਾਣ। ੧੨੫. ਬਿਆਧਿ=ਵਿਹੁ । ਵਿਹੁ ਧਰ=ਬਾਣ। ਬਿਖੀ ਮੁਖ=ਵਿਹੁ। ਵਿਹੁਧਰ=ਬਾਣ।

Sri Satguru Jagjit Singh Ji eLibrary NamdhariElibrary@gmail.com

ਧਰ ਸਭ ਸਰ ਕੇ ਗਾਂਉ ॥ ੧੩੬ ॥ ਬਾਰਦ ਜਿਉ ਬਰਸਤ ਰਹੈ ਜਸੁ ਅੰਕੁਰ ਜਿਹ ਹੋਇ ॥ ਬਾਰਦ ਸੋ ਬਾਰਦ ਨਹੀ ਤਾਹਿ ਬਤਾਵਹੁ ਕੋਇ॥ ੧੩੭ ॥ ਬਿਖ ਧਰ ਬਿਸੀ ਬਿਸੋਕ ਕਰ ਬਾਰਣਾਰਿ ਜਿਹੱਨਾਮ ॥ ਨਾਮ ਸਬੈ ਸ੍ਰੀ ਬਾਨ ਕੇ ਲੀਨੇ ਹੋਵਹਿ ਕਾਮ ॥ ੧੩੮ ॥ ਅਰ ਬੇਧਨ ਛੇਦਨ ਲਹਜੋ ਬੇਦਨ ਕਰ ਜਿਹੱ ਨਾਉਂ ॥ ਰੱਛ ਕਰਨ ਅਪਨਾਨ ਕੀ ਪਰੋ ਦੁਸਟ ਕੇ ਗਾਉਂ ॥ ੧੩੯ ॥ ਜਦੁਪਤਾਰਿ ਬਿਸਨਾਧਪ ਅਰਿ ਕ੍ਰਿਸਾਂਤਕ ਜਿਹੱ ਨਾਮ ॥ ਸਦਾ ਹਮਾਰੀ ਜੈ ਕਰੋ ਸਕਲ ਕਰੋ ਮਮਕਾਮ ॥ ੧੪੦ ॥ ਹਲ ਧਰ ਸਬਦ ਬਖਾਨਿ ਕੈ ਅਨੁਜ ਉਚਰਿ ਅਰਿ ਭਾਖੁ ॥ ਸਕਲ ਨਾਮ ਸ੍ਰੀ ਬਾਨ ਕੇ ਚੀਨ ਚਤੁਰ ਚਿਤ ਰਾਖੁ ॥ ੧੪੧ ॥ ਰਉਹਣਾਯ ਮੁਸਲੀਹਲੀ ਰੇਵਤੀਸ ਬਲਰਾਮ ॥ ਅਨੁਜ ਉਚਰਿ ਪੁਨਿ ਅਰਿ ਉਚਰਿ ਜਾਨੁ ਬਾਨ ਕੇ ਨਾਮ ॥ ੧੪੨ ॥ ਤਾਲ ਕੇਤ ਲਾਗਲਿ ਉਚਰਿ ਕ੍ਰਿਸਨਾਗ੍ਰਜ ਪਦ ਦੇਹੁ ॥ ਅਨੁਜ ਉਚਰ ਅਰਿ ਉਚਰੀਐ ਨਾਮ ਬਾਨ ਲਖਿ ਲੇਹੁ ॥ ੧੪੩ ॥ ਨੀਲਾਂਬਰ ਰੁਕਮਿਆਂਤ ਕਰ ਪਉਰਾਣਿਕ ਅਰਿ ਭਾਖੁ ॥ ਅਨੁਜ ਉਚਰਿ ਅਰਿ ਉਚਰੀਐ ਨਾਮ ਬਾਨ ਲਖਿ ਰਾਖੁ ॥ ੧੪੪ ॥ ਸਭ ਅਰਜੁਨ ਕੇ ਨਾਮ ਲੈ ਸੱਤ ਸਬਦ ਪੁਨਿ

---

੧੩੬. ਖਪਰਾ=ਬਾਣ । ਨਾਲਕ=ਨਾਲੀ ਵਾਲਾ ਬਾਣ । ਧਨਖ ਦਾ ਸਤ=ਪੁਤ੍ਰ ਬਾਣ ਜਾਂ ਨਿਸਚੇ ਕਰਕੇ ਧਨਖ ਵਿਚ ਲੈ=ਲੀਨ ਹੋਣ ਵਾਲਾ ਬਾਣ। ਕਮਾਣ ਵਿਚੋਂ ਜ=ਜੰਮਿਆਂ ਹੋਇਆ ਬਾਣ । ਸਕਰ=ਸਰਕੜਾ ਅਤੇ ਸਰਕੜੇ ਦੀ ਕਾਨੀ ਵਾਲਾ ਬਾਣ ਜਾਂ ਸੜਕਣ ਵਾਲਾ ਬਾਣ ਅਤੇ ਨਰਾਚ=ਆਦਮੀਆਂ ਨੂੰ ਅਚ=ਖਾਣ ਵਾਲਾ ਬਾਣ। ਭਨ=ਆਖੇ। ਧਰ ਨਾਲ ਜੋੜ ਕੇ ਬਾਣ ਦੇ ਨਾਮ ਸਮਝੋ। ੧੩੭. ਬਦਲ ਵਾਂਗੂੰ ਵਰ੍ਹਦਾ ਰਹਿੰਦਾ ਹੈ ਜਿਸ ਦਾ ਅੰਗੂਰ ਜਸ ਹੁੰਦਾ ਹੈ ਸੋ ਬਦਲ ਵਰਗਾ ਹੈ ਪਰ ਬਦਲ ਨਹੀਂ ਹੈ ਇਹ ਤਾਂ ਬਾਣ ਹੈ।

੧੩੮. ਵਿਹੁ ਧਰਨ ਵਾਲਾ, ਵਿਹੁ ਵਾਲਾ, ਵਿਸ਼ੇਸ਼ ਕਰਕੇ ਸ਼ੋਕ ਕਰਨ ਭਾਵ ਦੇਣ ਵਾਲਾ ਬਾਰਨ=ਹਾਥੀਆਂ ਦਾ ਵੈਰੀ। ੧੩੯. ਵੈਰੀਆਂ ਨੂੰ ਵਿੰਨ੍ਹਣ ਛਿੱਲਣ ਵਾਲਾ ਵੇਖਿਆ ਹੈ ਜਿਸ ਦਾ ਵੇਦਨ ਕਰ=ਨਾਮ ਬਾਣ ਦਾ ਹੈ ਅਤੇ ਆਪਣਿਆਂ ਆਦਮੀਆਂ ਦੀ ਰਾਖੀ ਕਰਨ ਵਾਲਾ ਹੈ । ਦੁਸ਼ਟਾਂ ਦੇ ਪਿੰਡ ਉਤੇ ਪੈਂਦਾ ਹੈ। ੧੪੦. ਕ੍ਰਿਸ਼ਨ ਦਾ ਵੈਰੀ ਬਾਣ ਭਾਵ ਛਧਕ ਨੇ ਮਾਰਿਆ ਸੀ ਪੈਰ ਵਿਚ। ਵਿਸ਼ਨੂ ਦੇ ਬੰਸ ਦਾ ਸੁਆਮੀ ਕ੍ਰਿਸ਼ਨ ਅਤੇ ਕ੍ਰਿਸ਼ਨ ਦਾ ਵੈਰੀ ਬਾਣ ਫੇਰ ਅਗੇ ਕ੍ਰਿਸ਼ਨ ਦਾ ਅੰਤ ਨਾਸ ਕਰਨ ਵਾਲਾ ਸੋ ਵੀ ਬਾਣ ਹੈ।

੧੪੧. ਬਲਭਦ੍ਰ ਦੇ ਭਰਾ ਕ੍ਰਿਸ਼ਨ ਦਾ ਵੈਰੀ ਸੋ ਬਾਣ।

੧੪੨. ਰੋਹਣਾਇ=ਰੋਹਣੀ ਦਾ ਪੁਤ੍ਰ ਹੈ ਤੇ ਰੇਵਤੀ ਦਾ ਪਤੀ ਹੈ ਸੋ ਰੇਵਤੀਸ=ਇਹ ਸਾਰੇ ਨਾਮ ਬਲਭੱਦ੍ਰ ਦੇ ਹਨ। ਬਲਭੱਦ੍ਰ ਦੇ ਭਰਾ ਕ੍ਰਿਸ਼ਨ ਦਾ ਵੈਰੀ ਬਾਣ। ੧੪੩. ਕੇਤ=ਝੰਡੇ ਵਿਚ ਤਲਾਉ ਦਾ ਨਿਸ਼ਾਨ ਹੈ ਇਸ ਲਈ ਬਲਭੱਦ੍ਰ ਦਾ ਨਾਮ ਹੈ। ਸਾਂਗਲ=ਹਲ ਵਾਹੁਣ ਵਾਲਾ । ਕ੍ਰਿਸ਼ਨਾਗ੍ਰਜ= ਕ੍ਰਿਸ਼ਨ ਤੋਂ ਪਹਿਲਾਂ ਜੰਮਿਆਂ ਹੋਇਆ ਸੋ ਬਲਭੱਦ੍ਰ ਦਾ ਭਰਾ ਕ੍ਰਿਸ਼ਨ ਤੇ ਕ੍ਰਿਸ਼ਨ ਦਾ ਵੈਰੀ ਬਾਣ। ੧੪੪. ਨੀਲਿਆਂ ਕਪੜਿਆਂ ਵਾਲਾ ਤੇ ਰੁਕਮੀ ਆਦਮੀ ਦੇ ਨਾਸ ਕਰਨ ਵਾਲਾ ਪਉਰਾਣਕ=ਪੰਡਤ ਲੋਮ ਹਰਖਣ ਦਾ ਵੈਰੀ ਸੋ ਬਲਭੱਦ੍ਰ ਹੈ। ਬਲਭਦ੍ਰ ਦਾ ਭਰਾ ਕ੍ਰਿਸ਼ਨ, ਕ੍ਰਿਸ਼ਨ ਦਾ ਵੈਰੀ ਬਾਣ।

Sri Satguru Jagjit Singh Ji eLibrary NamdhariElibrary@gmail.com

ਦੇਹੁ ॥ ਪੁਨਿ ਅਰਿ ਸਬਦ ਬਖਾਨੀਐ ਨਾਮ ਬਾਨ ਲਖਿ ਲੇਹੁ ॥ ੧੪੫ ॥ ਪ੍ਰਿਥਮ ਪਵਨ ਕੇ ਨਾਮ ਲੈ ਸਤ ਪਦ ਬਹੁਰ ਬਖਾਨ ॥ ਅਨੁਜ ਉਚਰਿ ਸੂਤਰਿ ਉਚਰੁ ਨਾਮ ਬਾਨ ਪਹਿਚਾਨੁ ॥ ੧੪੬ ॥ ਮਾਰਤ ਪਵਨ ਘਨਾਂਤਕਰ ਕਹਿ ਸਤ ਸਬਦ ਉਚਾਰ ॥ ਅਨੁਜ ਉਚਰਿ ਸੂਤਰਿ ਉਚਰੁ ਸਰ ਕੇ ਨਾਮ ਬਿਚਾਰ ॥ ੧੪੭ ॥ ਸਰਬ ਬਿਆਪਕ ਸਰਬਦਾ ਸੱਲਯਜਨ ਸੁ ਬਖਾਨ ॥ ਤਨੁਜ ਅਨੁਜ ਸੂਤਰਿ ਉਚਰੁ ਨਾਮ ਬਾਨ ਕੇ ਜਾਨ ॥ ੧੪੮ ॥ ਪ੍ਰਿਥਮ ਬਾਰ ਕੇ ਨਾਮ ਲੈ ਪੁਨਿ ਅਰਿ ਸਬਦ ਬਖਾਨ ॥ ਤਨੁਜ ਅਨੁਜ ਸਤਰ ਉਚਰਿ ਨਾਮ ਬਾਨ ਪਹਿਚਾਨ ॥ ੧੪੯ ॥ ਪ੍ਰਿਥਮ ਅਗਨ ਕੇ ਨਾਮ ਲੈ ਅੰਤ ਸਬਦਿ ਅਰਿ ਦੇਹੁ ॥ ਤਨੁਜ ਅਨੁਜ ਸਤਰਿ ਉਚਰਿ ਨਾਮ ਬਾਨ ਲਖਿ ਲੇਹੁ ॥ ੧੫੦ ॥ ਪ੍ਰਿਥਮ ਅਗਨ ਕੇ ਨਾਮ ਲੈ ਅੰਤ ਸਬਦ ਅਰਿ ਭਾਖੁ ॥ ਤਨੁਜ ਅਨੁਜ ਕਹਿ ਅਰਿ ਉਚਰਿ ਨਾਮ ਬਾਨ ਲਖਿ ਰਾਖੁ ॥ ੧੫੧ ॥ ਪ੍ਰਿਥਮ ਅਗਨ ਕੇ ਨਾਮ ਲੈ ਅਰਿ ਅਰਿ ਪਦਿ ਪੁਨਿ ਦੇਹੁ ॥ ਤਨੁਜ ਅਨੁਜ ਕਹਿ ਅਰਿ ਉਚਰਿ ਨਾਮ ਬਾਨ ਲਖਿ ਲੇਹੁ ॥ ੧੫੨ ॥ ਪਾਵਕਾਰ ਅਗਨਾਂਤ ਕਰ ਕਹਿ ਅਰਿ ਸਬਦ ਬਖਾਨ ॥ ਅਰਿ ਕਹਿ ਅਨੁਜ ਤਨੁਜ ਉਚਰਿ ਸਤਰ ਬਾਨ ਪਛਾਨ ॥ ੧੫੩ ॥ ਹਿਮਬਾਰ ਬਕਹਾਗਦੀ ਭੀਮ ਸਬਦ ਪੁਨਿ

---

੧੪੫. ਅਰਜਨ ਦਾ ਸਤ=ਪੁਤ੍ਰ ਅਭਮੰਨ੍ਯੂ ਹੈ ਸੋ ਇਸ ਦਾ ਵੈਰੀ ਬਾਣ।

੧੪੬. ਸਤ ਪਵਨ=ਭੀਮ ਸੈਨ ਪੌਣ ਦਾ ਪੁਤ੍ਰ ਹੈ ਤੇ ਭੀਮਸੈਨ ਦਾ ਅਨਜ=ਅਰਜਨ ਹੈ ਤੇ ਅਰਜਨ ਦਾ ਸੂਤਰਿ=ਪੁਤ੍ਰ ਅਭਮੰਨ੍ਯੂ ਹੈ ਤੇ ਅਭਮੰਨ੍ਯੂ ਦਾ ਵੈਰੀ ਬਾਣ ਹੈ। ੧੪੭. ਮਾਰਤ=ਪੌਣ, ਬਦਲਾਂ ਦਾ ਨਾਸ ਕਰਨ ਵਾਲੀ ਪੌਣ ਅਤੇ ਪੌਣ ਦਾ ਸਤ=ਪੁਤ੍ਰ ਭੀਮਸੈਨ । ਭੀਮਸੈਨ ਦਾ ਅਨਜ=ਭਰਾ ਅਰਜਨ। ਅਰਜਨ ਦਾ ਸੂਤ=ਪੁਤ੍ਰ ਅਭਮੰਨ੍ਯੂ, ਅਭਮੰਨ੍ਯੂ ਦਾ ਅਰੀ=ਵੈਰੀ ਬਾਣ।

੧੪੮. ਸਾਰਿਆਂ ਥਾਵਾਂ ਵਿਚ ਵਿਆਪਕ ਪੌਣ, ਸਾਰੇ ਸਮੇਂ ਚਲਣ ਵਾਲੀ ਪੌਣ ਜਨਾਂ ਨੂੰ ਦੁਖ ਦੇਣ ਵਾਲੀ ਪੌਣ ਭਾਵ ਜਦੋਂ ਤੱਤੀ ਚਲਦੀ ਹੈ ਜਾਂ ਵਿਛੋੜੇ ਵਾਲੇ ਪ੍ਰਾਨੀਆਂ ਨੂੰ। ਅਗੇ ਪੌਣ ਦਾ ਭਨਜ=ਪੁਤ੍ਰ ਭੀਮਸੈਨ । ਭੀਮਸੈਨ ਦਾ ਅਨਜ=ਭਰਾ ਅਰਜਨ ਤੇ ਅਰਜਨ ਦਾ ਪੁਤ੍ਰ ਅਭਮੰਨ੍ਯੂ ਤੇ ਅਭਮੰਨ੍ਯੂ ਦਾ ਵੈਰੀ ਬਾਣ। ੧੪੯. ਬਾਰ=ਪਾਣੀ ਦਾ ਅਰਿ=ਵੈਰੀ ਪੌਣ ਤੇ ਪੌਣ ਦਾ ਪੁਤ੍ਰ ਭੀਮਸੈਨ ਤੇ ਭੀਮ ਸੈਨ ਦਾ ਭਰਾ ਅਰਜਨ ਤੇ ਅਰਜਨ ਦਾ ਪੁਤ੍ਰ ਅਭਮੰਨ੍ਯੂ ਤੇ ਅਭਮੰਨ੍ਯੂ ਦਾ ਵੈਰੀ ਬਾਣ। ੧੫੦. ਅੱਗ ਦਾ ਵੈਰੀ ਪਾਣੀ ਤੇ ਪਾਣੀ ਦਾ ਵੈਰੀ ਪੌਣ (ਇਕ ਵੈਰੀ ਉਤੋਂ ਹੋਰ ਅੱਧਿਆਹਾਰ ਕੀਤਾ ਹੈ) ਪੌਣ ਦਾ ਪੁਤ੍ਰ ਭੀਮ ਸੈਨ ਭੀਮ ਸੈਨ ਦਾ ਭਰਾ ਅਰਜਨ, ਅਰਜਨ ਦਾ ਪੁਤ੍ਰ ਅਭਮੰਨ੍ਯੂ ਤੇ ਅਭਮੰਨ੍ਯੂ ਦਾ ਵੈਰੀ ਬਾਣ। ੧੫੧. ਅੱਗ ਦਾ ਵੈਰੀ ਪਾਣੀ ਤੇ ਪਾਣੀ ਦਾ ਵੈਰੀ ਪੌਣ ਦਾ ਪੁਤ੍ਰ ਭੀਮ ਸੈਨ ਤੇ ਭੀਮ ਸੈਨ ਦਾ ਭਰਾ ਅਰਜਨ ਤੇ ਅਰਜਨ ਦਾ ਪੁਤ੍ਰ ਅਭਮੰਨ੍ਯੂ ਤੇ ਅਭਮੰਨ੍ਯੂ ਦਾ ਵੈਰੀ ਬਾਣ। ੧੫੨. ਅਗ ਅਰਿ ਅਰਿ ਤਨੁਜ ਅਰਿ। ੧੫੩. ਅੱਗ ਦਾ ਵੈਰੀ ਪਾਣੀ। ਅੱਗ ਦਾ ਅੰਤ ਕਰਨ ਵਾਲਾ ਵੀ ਪਾਣੀ, ਅਗੇ ਸੋ ਅਰਿ=ਪਾਣੀ ਹੀ ਹੈ ਤੇ ਪਾਣੀ ਦਾ ਅਰੀ=ਪੌਣ ਤੇ ਪੌਣ ਦਾ ਪੁਤ੍ਰ ਭੀਮ ਤੇ ਭੀਮ ਸੈਨ ਦਾ ਭਰਾ ਅਰਜਨ ਤੇ ਅਰਜਨ ਦਾ ਪੁਤ੍ਰ ਅਭਮੰਨ੍ਯੂ ਤੇ ਅਭਮੰਨ੍ਯੂ ਦਾ ਵੈਰੀ ਬਾਣ।

Sri Satguru Jagjit Singh Ji eLibrary NamdhariElibrary@gmail.com

ਦੇਹੁ ॥ ਤਨੁਜ ਅਨੁਜ ਸੱਤਰੁ ਉਚਰਿ ਨਾਮ ਬਾਨ ਲਖਿ ਲੇਹੁ ॥ ੧੫੪ ॥ ਦੁਰਜੋਧਨ ਕੇ ਨਾਮ ਲੈ ਅੰਤੁ ਸਬਦ ਅਰਿ ਦੇਹੁ ॥ ਅਨੁਜ ਉਚਰਿ ਸੱਤਰੁ ਉਚਰਿ ਨਾਮ ਬਾਨ ਲਖਿ ਲੇਹੁ ॥ ੧੫੫ ॥ ਅੰਧ ਸੁਤਨ ਕੇ ਨਾਮ ਲੈ ਅੰਤ ਸਬਦ ਅਰਿ ਭਾਖੁ ॥ ਅਨੁਜ ਉਚਰਿ ਸਤੁਰ ਉਚਰਿ ਨਾਮ ਬਾਨ ਲਖਿ ਰਾਖੁ ॥ ੧੫੬ ॥ ਦੁੱਸਾਸਨ ਦੁਰਮੁਖ ਦੂਜੈ ਕਹਿ ਅਰਿ ਸਬਦ ਬਖਾਨ ॥ ਅਨੁਜ ਉਚਰਿ ਸੱਤਰੁ ਉਚਰਿ ਨਾਮ ਬਾਨ ਪਹਿਚਾਨ ॥ ੧੫੭ ॥ ਦਸਲਾਕਰ ਭਿਖ ਆਦਿ ਕਹਿ ਅੰਤ ਸਬਦ ਅਰਿ ਭਾਖੁ ॥ ਅਨੁਜ ਤਨੁਜ ਸੱਤੁਰ ਉਚਰਿ ਨਾਮ ਬਾਨ ਲਖਿ ਰਾਖੁ ॥ ੧੫੮ ॥ ਪ੍ਰਿਥਮ ਭੀਖਮ ਕੇ ਨਾਮ ਲੈ ਅੰਤ ਸਬਦ ਅਰਿ ਦੇਹੁ ॥ ਸੱਤ ਆਦਿ ਅੰਤਰ ਉਚਰਿ ਨਾਮ ਬਾਨ ਲਖਿ ਲੇਹੁ ॥ ੧੫੯ ॥ ਤਟਤ ਜਾਨਵੀ ਅਗ੍ਰਜਾ ਪ੍ਰਿਥਮੈ ਸਬਦ ਬਖਾਨ ॥ ਤਨੁਜ ਸੱਤ੍ ਸੱਤੁਰ ਉਚਰਿ ਨਾਮ ਬਾਨ ਪਹਿਚਾਨ ॥ ੧੬੦ ॥ ਗੰਗਾ ਗਿਰਜਾ ਪ੍ਰਿਥਮ ਕੌਹਿ ਪੁੱਤ੍ ਸਬਦ ਪੁਨਿ ਦੇਹੁ ॥ ਸੱਤ੍ ਉਚਰਿ ਸੁਤੁਰ ਉਚਰਿ ਨਾਮ ਬਾਨ ਲਖਿ ਲੇਹੁ ॥ ੧੬੧ ॥ ਨਾਕਾਲੇਸਰਤੇਸਰੀ ਪ੍ਰਿਥਮੈ ਸਬਦ ਉਚਾਰ ॥ ਸਤ ਅਰਿ ਕਹਿ ਸੱਤਰਿ ਉਚਰਿ ਸਭ ਸਰ ਨਾਮ ਉਚਾਰਿ ॥ ੧੬੨ ॥ ਭੀਖਮ ਸਾਂਤਨ ਸੁਤ ਉਚਰਿ ਪੁਨ ਅਰਿ ਸਬਦ ਬਖਾਨ ॥ ਸੂਤ ਉਚਰ ਅੰਤ ਅਰ ਉਚਰਿ ਨਾਮ ਬਾਨ ਪਹਿਚਾਨ ॥ ੧੬੩ ॥ ਗਾਂਗੇਯ ਨਦੀ ਅਜ ਉਚਰੇ ਸਰਿਤਜ ਸੱਤ੍ ਬਖਾਨ ॥ ਸੂਤ ਉਚਰਿ ਅੰਤ ਅਰਿ ਉਚਰਿ ਨਾਮ ਬਾਨ ਪਹਿਚਾਨ

---

੧੫੪. ਹਿਮ=ਬਰਫ । ਬਾਰ=ਪਾਣੀ ਭਾਵ ਬਰਫ ਦਾ ਪਾਣੀ ਬਣਿਆਂ ਹੈ ਪਾਣੀ ਦਾ ਬਣਕੇ ਬੱਦਲ ਬੋਲਦਾ ਹੈ ਤੇ ਬਦਲ ਨੂੰ ਭੀਮ=ਡਰੌਣ ਵਾਲਾ ਪੌਣ ਹੋਇਆ ਤੇ ਅਗੇ ਪੁਤ, ਭਰਾ ਪੁਤ, ਵੈਰੀ ਬਾਣ ਹੋਇਆ । ੧੫੫. ਦੁਰਜੋਧਨ ਦਾ ਵੈਰੀ ਭੀਮ ਸੈਨ, ਅਰਜਨ, ਪੁਤ੍, ਵੈਰੀ ਬਾਣ। ੧੫੬. ਅੰਨੇ ਧ੍ਰਿਤਰਾਸ਼ਟਰ ਦਾ ਪੁਤ੍ ਦੁਰਜੋਧਨ, ਵੈਰੀ ਭੀਮ ਸੈਨ, ਭਰਾ ਅਰਜਨ, ਪੁਤ੍ ਅਭਮੰਨ੍ਹੂ, ਵੈਰੀ ਬਾਣ।

੧੫੭. ਇਹ ਤਿੰਨੇ ਨਾਮ ਦੁਰਜੋਧਨ ਦੇ ਭਰਾਵਾਂ ਦੇ ਹਨ, ਇਹਨਾਂ ਦਾ ਵੈਰੀ ਭੀਮ ਸੈਨ ਭਰਾ ਅਰਜਨ, ਪੁਤ੍ ਅਭਿਮੰਨ੍ਹੂ, ਵੈਰੀ ਬਾਣ ।

੧੫੮. ਦਸਲਾਕਰ=ਦੁਰਜੋਧਨ ਦੇ ਛੋਟੇ ਭਰਾ ਤੋਂ ਲੈਕੇ ਭਿੱਖਿਆ ਆਦਿਕ ਤੱਕ ਨਾਮ ਲੈਕੇ ਅਗੇ ਵੈਰੀ ਭੀਮ ਸੈਨ, ਭਰਾ ਅਰਜਨ, ਪੁਤ੍ ਅਭਿਮੰਨ੍ਹੂ ਵੈਰੀ ਬਾਣ। ੧੫੯. ਭੀਖਮ ਦਾ ਵੈਰੀ ਅਰਜਨ, ਪੁਤ੍ ਅਭਮੰਨ੍ਹੂ ਵੈਰੀ ਬਾਣ।

੧੬੦. ਇਹ ਤਿੰਨੇ ਨਾਮ ਗੰਗਾ ਦੇ ਹਨ ਸੋ ਗੰਗਾ ਦੇ ਪੁਤ੍ ਭੀਸ਼ਮ ਪਿਤਾਮਾ ਹੈ, ਤੇ ਇਸਦਾ ਸੱਤ੍ ਅਰਜਨ ਹੈ, ਅਰਜਨ ਦਾ ਸਤ=ਪੁਤ੍ ਅਭਮੰਨ੍ਹੂ ਹੈ ਅਭਿਮੰਨ੍ਹੂ ਦਾ ਰਿ=ਵੈਰੀ, ੍ਹਬਾਣ ਹੈ। ੧੬੧. ਗਿਰਜਾ=ਗੰਗਾ ਦਾ ਪੁਤ੍ ਭੀਖਮ, ਵੈਰੀ ਅਰਜਨ, ਪੁਤ੍ ਅਭਿਮੰਨ੍ਹੂ, ਵੈਰੀ ਬਾਣ।

੧੬੨. ਕਾਲ ਤੋਂ ਰਹਿਤ ਗੰਗਾ ਨਦੀ ਸਾਰੀਆਂ ਨਦੀਆਂ ਦੀ ਈਸਰੀ=ਸਿਰੋਮਣੀ ਨਦੀ ਹੈ । ਗੰਗਾ ਪੁਤ੍ ਭੀਖਮ, ਵੈਰੀ ਅਰਜਨ, ਪੁਤ੍ ਅਭਿਮੰਨ੍ਹੂ, ਵੈਰੀ ਬਾਣ। ੧੬੩. ਭੀਖਮ ਸੰਤਨੂੰ ਰਾਜਾ ਦਾ ਪੁਤ੍ ਹੈ, ਵੈਰੀ ਅਰਜਨ, ਪੁਤ੍ ਅਭਿਮੰਨ੍ਹੂ। ਰਿ=ਵੈਰੀ ਬਾਣ।

Sri Satguru Jagjit Singh Ji eLibrary NamdhariElibrary@gmail.com

॥ ੧੬੪ ॥ ਤੋਲਕੇਤਸਵਤਾਸਭਨਿ ਆਦਿ ਅੰਤ ਅਰਿ ਦੇਹੁ ॥ ਸੂਤ ਉਚਰਿ ਰਿਪੁ ਪੁਨ ਉਚਰਿ ਨਾਮ ਬਾਨ ਲਖਿ ਲੇਹੁ ॥ ੧੬੫ ॥ ਪ੍ਰਿਥਮ ਦ੍ਰੋਣ ਕਹਿ ਸਿਖਯ ਕਹਿ ਸੱਤਰਿ ਬਹੁਰ ਬਖਾਨ ॥ ਨਾਮ ਬਾਨ ਕੇ ਸਕਲ ਹੀ ਲੀਜੋ ਚਤੁਰ ਪਛਾਨ ॥ ੧੬੬ ॥ ਭਾਰਦ੍ਵਾਜ ਦ੍ਰੋਣਜ ਪਿਤਾ ਉਚਰਿ ਸਿਖਯ ਪਦ ਦੇਹੁ ॥ ਸੱਤਰਿ ਬਹੁਰ ਬਖਾਨੀਯੈ ਨਾਮ ਬਾਨ ਲਖਿ ਲੇਹੁ ॥ ੧੬੭ ॥ ਸੋਰਠਾ ॥ ਪ੍ਰਿਥਮ ਜੁਧਿਸਟਰ ਭਾਖਿ ਬੰਧੁ ਸਬਦ ਪੁਨਿ ਭਾਖਯੈ ॥ ਜਾਨ ਹਿ੍ਦੈ ਮੈ ਰਾਖ ਸਕਲ ਨਾਮ ਏ ਬਾਨ ਕੇ ॥ ੧੬੮ ॥ ਦੋਹਰਾ ॥ ਦੁਉ ਭਯਾ ਪੰਚਾਲਿ ਪਤਿ ਕਹਿ ਪੁਨਿ ਭ੍ਰਾਤ ਉਚਾਰਿ ॥ ਸਤ ਅਰਿ ਕਹਿ ਸਭ ਬਾਨ ਕੇ ਲੀਜੋ ਨਾਮ ਸੁਧਾਰਿ ॥ ੧੬੯ ॥ ਧਰਮਰਾਜ ਧਰਮਜ ਉਚਰਿ ਬੰਧੁ ਸਬਦ ਪੁਨ ਦੇਹੁ ॥ ਸੱਤਰਿ ਬਹੁਰਿ ਬਖਾਨਯੈ ਨਾਮ ਬਾਨ ਲਖ ਲੇਹੁ ॥ ੧੭੦ ॥ ਕਾਲਜ ਧਰਮਜਸੱਲ ਰਿਪੁ ਕਹਿ ਪਦ ਬੰਧੁ ਬਖਾਨ ॥ ਸੱਤਰਿ ਬਹੁਰਿ ਬਖਾਨੀਯੈ ਸਭ ਸਰ ਨਾਮ ਪਛਾਨ ॥ ੧੭੧ ॥ ਬਈ ਵਸਤ ਪਦ ਪ੍ਰਿਥਮ ਕਹਿ ਪੁਨਿ ਸਤੁ ਸਬਦ ਬਖਾਨਿ ॥ ਬੰਧੁ ਉਚਰਿ ਸੱਤਰਿ ਉਚਰਿ ਸਭ ਸਰ ਨਾਮ ਪਛਾਨ ॥ ੧੭੨ ॥ ਪ੍ਰਿਥਮ ਸੂਰਜ ਕੇ ਨਾਮ ਲੈ ਬਹੁਰ ਪੁੱਤ੍ਰ ਪਦ ਭਾਖ ॥ ਅਨੁਜ ਉਚਰ ਸੱਤਰਿ ਉਚਰਿ ਨਾਮ ਬਾਨ ਲਖ ਰਾਖ ॥ ੧੭੩ ॥ ਕਾਲਿੰਦ੍ਰੀ ਕੋ ਪ੍ਰਿਥਮ ਕਹਿ ਪੁਨ ਪਦ ਅਨੁਜ ਬਖਾਨ ॥ ਤਨਜ ਉਚਰ ਅਨੁਜ ਅਗ੍ਰ ਕਹਿ ਸਰ ਕੇ ਨਾਮ ਪਛਾਨ ॥ ੧੭੪ ॥ ਜਮਨਾ ਕਾਲਿੰਦ੍ਰੀ ਅਨੁਜ ਕਹਿ ਸੁਤ

---

